# ਸੂਰਾ

ਮਾਸਕ ਪੱਤ੍ਰ

ਅੰਮ੍ਰਿਤਸਰ AMRITSAR

ਸਤਿਗੁਰਾਂ ਦੇ ਲਾਡਲੇ ਬੱਚੇ ਆਪਣੇ ਮਾਤਾ ਪਿਤਾ ਦੇ ਨਾਲ ਕੀਰਤਨ ਕਰਦੇ ਹੋਏ



ਭੈਣ ਭੂਪਿੰਦਰ ਕੌਰ ਜੀ ਕਾਕਾ ਵੀਰਿੰਦਰ ਸਿੰਘ ਤੇ ਕਾਕਾ ਰੂਪਿੰਦਰ ਸਿੰਘ ਦੇ ਨਾਲ

ੰਡ ਕੀਰਤਨੀ ਜਥਿਆਂ ਵਲੋਂ ਪਹਿਲੀ ਬਰਸੀ ਫ਼ਰੀਦਾਬਾਦ, ਬਰੇਲੀ ਤੇ ਸ੍ਰੀ ਅੰਮ੍ਰਿਤਸਰ ਵਿਖੇ ਮਨਾਈ ਜਾ ਰਹੀ ਹੈ

MARCH 1983 - - ਮਾਰਚ ੧੯੮੩

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ (ਮਿਤੀ ੧੭-੧੦-੬੮ ਅ. ਪ.) ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨ ਹੈ।

# ਤਤਕਰਾ


| | | |
|---|---|---|
| ਬਸੰਤ ਮਹਲਾ ੫ | | ੩ |
| ਹੋਈ ਕੀਨੀ ਸੰਤ ਸੇਵ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਧਰਮਰਾਇ ਦੀ ਦਰਗਾਹ (੨) | ,, ,, ,, | ੮ |
| ਖਾਲਸਾ ਜੀ ਦਾ ਨਿਰਾਲਾਪਣ | ਸ: ਨਰੈਣ ਸਿੰਘ ਜੀ | ੯ |
| ਗੁਰਦੁਆਰਾ ਪ੍ਰਬੰਧਕ ਕਿਸ ਤਰ੍ਹਾਂ ਚੁਣੇ ਜਾਣੇ ਚਾਹੀਦੇ ਹਨ ? | ਭਾਈ ਹਰਮਿੰਦਰ ਸਿੰਘ ਜੀ | ੧੩ |
| ਮੇਰੇ ਪ੍ਰੀਤਮ ਪਿਆਰੇ (ਕਵਿਤਾ) | ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ | ੧੪ |
| ਤਿਆਗ ਕੀ ਹੈ ? | ਸਿਖ ਮਿਸ਼ਨਰੀ ਕਾਲਜ ਜੰਮੂ | ੧੫ |
| ਜਿਤੁ ਪੀਤੈ ਮਤਿ ਦੂਰਿ ਹੋਇ... | ਭਾ: ਸਾ: ਭਾਈ ਰਣਧੀਰ ਸਿੰਘ ਜੀ | ੧੯ |
| ਫ਼ੈਸ਼ਨ-ਪ੍ਰਸਤੀ ਅਧੀਨ ਬੇਹਯਾਈ ਵੇਸ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੨੧ |
| ਸੰਤ ਕਾ ਮਾਰਗ (੧) | ਭਾਈ ਹਰਭਜਨ ਸਿੰਘ ਜੀ | ੨੫ |
| ਸਿਖ ਧਰਮ ਦੀ ਅਜ਼ਮਾਇਸ਼ ਸਦਾ ਹੁੰਦੀ ਰਹੀ ਹੈ | ਸਿਰਦਾਰ ਕਪੂਰ ਸਿੰਘ ਜੀ | ੨੭ |
| ਸਿਖਾਂ ਨਾਲ ਵਿਸਾਹਘਾਤ | ਸ: ਗੁਰਬਖਸ਼ ਸਿੰਘ ਝੁਬਾਲੀਆ | ੩੫ |
| ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦਾ ਬਾਲਕ ਸ਼ਹੀਦ | ਅਖੰਡ ਕੀਰਤਨੀ ਜਥਾ ਚੰਡੀਗੜ੍ਹ | ੩੮ |
| ਸ੍ਰੀ ਅਖੰਡ ਪਾਠ ਤੇ ਕੀਰਤਨ ਸੰਬੰਧੀ ਜ਼ਰੂਰੀ ਬੇਨਤੀਆਂ | ਸ: ਅਮਰਜੀਤ ਸਿੰਘ ਜੀ | ੩੯ |
| ਸਰਬ-ਲੋਹ ਕਿਉਂ ਨਹੀਂ ? | ਜਥੇਦਾਰ ਅਖੰਡ ਕੀਰਤਨੀ ਜਥਾ | ੪੦ |
| ਸਕਾਲਰਸ਼ਿਪ ਤੇ ਕੀਰਤਨ-ਉਤਸ਼ਾਹਤ ਪ੍ਰੋਗਰਾਮ | ਸ: ਖੁਸ਼ਵੰਤ ਸਿੰਘ ਜੀ | ੪੧ |
| ਸਰਕਾਰ ਸਿਖਾਂ ਤੋਂ ਖੁਲ੍ਹੇ ਆਮ ਮੁਆਫੀ ਮੰਗੇ | | |


ਹੋਲਾ ਮਹੱਲਾ ੨੯ ਮਾਰਚ

ਸੋਧ ਲਵੋ ਜੀ–ਸਫ਼ਾ ੩੫ ਉਪਰ ਲੇਖਕ ਦਾ ਨਾਂ ਸ: ਗੁਰਬਖਸ਼ ਸਿੰਘ ਝੁਬਾਲੀਆ ਪੜ੍ਹੋ।

## ਸੂਰਾ ਮਾਸਕ ਪੱਤਰ ਨੂੰ ਪ੍ਰਜੀ ਸਹਾਇਤਾ

| | | |
|---|---|---|
| ਸ: ਅਮਰੀਕ ਸਿੰਘ ਗਲਾਸਗੋ —ਯੂ.ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੩੧-੪੦ |
| ਭਾ: ਕੰਵਰ ਸਿੰਘ ਅੰਮ੍ਰਿਤਸਰ | ਚੜ੍ਹਾਵਾ ਕੀਰਤਨ ਸਮਾਗਮ | ੧੯-੫੦ |
| ਸ: ਸਜਨ ਸਿੰਘ ਸੁਲਤਾਨਪੁਰ ਲੋਧੀ | ਸੂਰਾ ਦੀ ਚੜ੍ਹਦੀ ਕਲਾ ਲਈ | ੨੧-੦੦ |
| ਸ: ਜੋਗਿੰਦਰ ਸਿੰਘ ਸਪੁੱਤਰ ਬਾਊ ਮੱਲ ਸਿੰਘ ਜੀ—ਬੀ: ਨਰਿੰਦਰ ਕੌਰ ਨਮਿਤ | ਸ੍ਰੀ ਅਖੰਡਪਾਠ ਦਾ ਚੜ੍ਹਾਵਾ | ੪੬-੭੦ |
| ਸ: ਅਜੀਤ ਸਿੰਘ ਠੱਠਗੜ੍ਹ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਬੀਬੀ ਸੰਤ ਕੌਰ ਲੁਧਿਆਣਾ | ਆਪਣੇ ਪਤੀ ਭਾ: ਇਕਬਾਲ ਸਿੰਘ ਦੀ ਅੰਤਮ ਅਰਦਾਸ ਸਮੇਂ | ੧੦੧-੦੦ |
| ਸ: ਨਰਿੰਦਰ ਸਿੰਘ ਫਿਰੋਜ਼ਪੁਰ ਕੈਂਟ | ਸੂਰਾ ਦੀ ਚੜ੍ਹਦੀ ਕਲਾ ਲਈ | ੫੧-੦੦ |
| ਸ: ਹਰਬੰਸ ਸਿੰਘ ਅਹਿਮਦਗੜ੍ਹ | ,, ,, ,, | ੨੧-੦੦ |
| ਬੀਬੀ ਪ੍ਰੀਤਮ ਕੌਰ ਵਲਵਰ ਹੈਂਪਟਨ—ਯੂ.ਕੇ. | ,, ,, ,, | ੭੬-੦੦ |
| ਸ: ਮਾਨ ਸਿੰਘ ਧਨਬਾਦ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੨੫੦-੦੦ |

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੩.੮੩ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

**ਪਰਦੇਸ**

ਸਮੁੰਦਰੀ ਡਾਕ ੩੦-੦੦
ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦
ਹਵਾਈ ਡਾਕ
ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੭    ਮਾਰਚ ੧੯੮੩    ਅੰਕ ੩


## ਹੋਲੀ ਕੀਨੀ ਸੰਤ ਸੇਵ

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦੁ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥ ਜਨ ਨਾਨਕ ਹਰਿ ਹਰਿ ਹਰਿ ਧਿਆਇ॥੪॥੧॥

[ਬਸੰਤ ਮਹਲਾ ੫ ਘਰ ੧ ਦੁਤੁਕੇ—੧੧੮੦




www.AKJ.Org

# ਧਰਮਰਾਇ ਦੀ ਦਰਗਾਹ (੨)

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜਿਨ੍ਹਾਂ ਨੇ ਗੁਰਦੀਖਿਆ ਲੈ ਕੇ ਗੁਰੂ ਕੇ ਸਿਖ ਬਣ ਕੇ, ਗੁਰਮਤਿ ਨਾਮ ਨਹੀਂ ਧਿਆਇਆ, ਤਿਨ੍ਹਾਂ ਮਨਮੁਖਾਂ ਨੇ ਮਨੁਖਾ ਜਨਮ ਬਿਰਥਾ ਹੀ ਗਵਾਇਆ ਹੈ। ਓਨ੍ਹਾਂ ਦਾ ਅੱਗਾ ਭੀ ਬੜਾ ਦੁਖਦਾਈ ਹੋਵੇਗਾ, ਕਿਉਂਕਿ ਅਗੇ ਅਗਲੀ ਦਰਗਾਹ ਵਿਚ ਨਾਮ ਤੋਂ ਬਿਨਾਂ ਕੋਈ ਭੀ ਬੇਲੀ ਨਹੀਂ। ਜਿਨ੍ਹਾਂ ਨੇ ਐਥੇ ਨਾਮ ਨਹੀਂ ਜਪਿਆ ਤਾਂ ਅਗੇ ਚਲ ਕੇ ਓਹਨਾਂ ਦੀ ਸਹਾਇਤਾ ਕਿਨ੍ਹ ਕਰਨੀ ਹੈ ? ਸਹਾਈ ਕੇਵਲ ਇਕ ਨਾਮ ਨੇ ਹੀ ਹੋਣਾ ਹੈ। ਅਗਲੀ ਦਰਗਾਹੇ ਛੁਡਾਉਣਹਾਰਾ ਸਚਾ ਬੇਲੀ ਸਹਾਈ ਇਕ ਨਾਮ ਹੀ ਹੈ, ਹੋਰ ਕੋਈ ਨਹੀਂ।

ਇਸ ਜਗ ਵਿਚ ਤਾਂ ਚਾਰ ਦਿਹਾੜੇ ਹੀ ਰਹਿਣਾ ਵਸਣਾ ਹੈ। ਜਿਥੇ ਜਾ ਕੇ ਅਗਲੀ ਦਰਗਾਹ ਮਈ ਘਰ ਵਿਚ ਰਹਿਣਾ ਵਸਣਾ ਹੈ, ਸੋ ਘਰ ਤਾਂ ਚਿੱਤ ਚੇਤੇ ਹੀ ਨਹੀਂ। ਜਿਥੇ ਜਾਣਾ ਹੈ, ਸੋ ਥਾਉਂ ਹੀ ਤਿਨ੍ਹਾਂ ਨੂੰ ਵਿਸਰਿਆ ਹੋਇਆ ਹੈ ਤੇ ਅਗੇ ਵਸਣ ਵਾਲੇ ਥਾਉਂ ਵਿਖੇ ਮਨਮੁਖਾਂ ਨੇ ਮਨ ਨਹੀਂ ਲਾਇਆ :—

ਜਿਹ ਘਰ ਮਹਿ ਤੁਧੁ ਰਹਿਨਾ ਬਸਨਾ ਸੋ ਘਰੁ ਚੀਤਿ ਨ ਆਇਓ ॥੩॥...
ਜਹਾ ਜਾਣਾ ਸੋ ਥਾਨੁ ਵਿਸਾਰਿਓ ਇਕ ਨਿਮਖ ਨਹੀ ਮਨੁ ਲਾਇਓ ॥੫॥ (੮॥੧)
ਮਾਰੂ ਮ: ੫ ਅਸਟ:—੧੦੧੭

ਹਰਿ ਦਰਗਾਹੀ ਪਤਿ ਸਿਉਂ ਲੈ ਜਾਣ ਵਾਲਾ ਇਕ ਨਾਮ ਹੀ ਹੈ। ਕਲਿਜੁਗ ਅੰਦਰ ਕੇਵਲ ਕੀਰਤਨ ਹੀ ਪਰਧਾਨ ਹੈ। ਕੀਰਤਨ ਦੇ ਪਰਤਾਪ ਕਰਿ ਹੀ ਗੁਰਮੁਖਾਂ ਦਾ ਨਾਮ ਵਿਚ ਸਹਿਜ-ਧਿਆਨ ਲਗ ਜਾਂਦਾ ਹੈ। ਧਿਆਨ ਲਾ ਕੇ ਨਾਮ ਜਪਿਆਂ ਆਪ ਤਰਨ ਤੇ ਅਵਰਾਂ ਨੂੰ ਨਿਸਤਾਰਨ ਵਾਲਾ ਗੁਰਮੁਖ-ਜੀਵਨ ਪਰਗਟਦਾ ਹੈ। ਯਥਾ ਗੁਰਵਾਕ :—

ਕਲਿਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥੬॥
ਮਾਰੂ ਸੋਲਹੇ ਮ: ੫—੧੦੭੫-੭੬

ਸਤਿਗੁਰੂ ਰੂਪੀ ਸਚੇ ਬੋਹਿਥ ਤੇ ਚੜ੍ਹਿਆਂ, ਅਰਥਾਤ ਸਤਿਗੁਰੂ ਦੇ ਸਾਜੇ ਸਚੇ ਨਾਮ-ਅੰਮ੍ਰਿਤ ਤੇ ਸਵਾਰ ਹੋਇਆਂ ਲਹਿਰਾਂ ਮਾਰਦੇ ਭਵ-ਸਾਗਰ ਵਿਚ ਡੁਬਣ ਦਾ ਖ਼ਤਰਾ ਨਹੀਂ, ਨ ਕਿਤੇ ਠਾਕ ਹੀ ਪੈਂਦੀ ਹੈ। ਨਿਰਭਉ ਹੋਏ ਸਚ-ਮਾਰਗੇ ਬੋਹਿਥ ਤੇ ਸਵਾਰ ਹੋਏ ਸਫ਼ਰ ਕਰੀ ਜਾਈਦਾ ਹੈ, ਕਿਉਂਕਿ ਬੋਹਿਥ ਦੇ ਥਾਂਘੀ-ਸਤਿਗੁਰ ਦੀ ਸਚੀ ਧੀਰਕ ਹੁੰਦੀ ਹੈ। ਥਾਂਘੀ-ਸਤਿਗੁਰ ਐਸੇ ਦਰ ਤੇ ਲੈ ਜਾ ਕੇ ਉਤਾਰਦਾ ਹੈ, ਜਿਥੇ ਅਗੇ ਜੋਤੀ ਸਰੂਪ ਵਾਹਿਗੁਰੂ, ਗੁਰੂ ਵਾਹਿਗੁਰੂ, ਪਰਤੱਖ ਸਨਮੁਖ ਦਿਦਾਰੇ ਦਿੰਦਾ ਦਿਸ ਪੈਂਦਾ ਹੈ। ਨਦਰੀ ਹੀ ਇਹ ਦਾਤ, ਦਰਗਾਹੀ ਮਾਨ ਵਾਲੀ ਪਾਈਦੀ ਹੈ।

ਚੜਿ ਬੋਹਿਥੈ ਚਾਲਸਉ ਸਾਗਰੁ ਲਹਿਰੀ ਦੇਇ ॥ ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ ॥
ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ ॥ ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ ॥
੩॥ (੨) ਮਾਰੂ ਵਾਰ ਮ: ੩, ਮ: ੪—੧੦੮੭

ਗੁਰਮਤਿ ਜੁਗਤਿ ਵਿਹੂਣੇ, ਗੁਰ-ਦੀਖਿਆ ਹੀਣੇ ਜੋ ਨਿਗੁਰੇ ਮਨਮੁਖ, ਜੋਗੀ ਬਣ ਕੇ ਜਗ ਵਿਚ ਭਉਂਦੇ ਫਿਰਦੇ ਹਨ ਤੇ ਘਰ ਘਰ ਭੀਖਿਆ ਮੰਗਦੇ ਫਿਰਦੇ ਹਨ, ਓਹਨਾਂ ਤੋਂ ਜਦੋਂ ਅਗਲੀ ਦਰਗਾਹੇ ਲੇਖਾ ਮੰਗਿਆ ਜਾਸੀ, ਤਾਂ ਕਿਸ ਕਿਸ ਦਾ ਰਿਣ ਉਤਾਰਨਗੇ ? ਜੈਸਾ ਕਿ ਅਗਲਾ ਗੁਰਵਾਕ ਬੁਝਾਉਂਦਾ ਹੈ :—

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥



www.AKJ.Org

ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥ ੧॥(੯)

ਮਾਰੂ ਵਾਰ, ਸਲੋਕੁ ਮ: ੩– ੧੦੮੯

ਜਿਹੜੇ ਗੁਰਮੁਖ ਜਨ ਗੁਰਮਤਿ ਜੁਗਤ ਵੀਚਾਰ ਦੁਆਰਾ ਮਨ ਮਾਰ ਕੇ ਵਾਹਿਗੁਰੂ ਦਾ ਜਾਪ ਜਪਦੇ ਹਨ, ਸੇਈ ਹਰਿ ਦਰਗਹਿ ਸਿਝਦੇ ਹਨ :–

ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥ –੧੦੯੦

ਹੁਕਮ ਰਜਾਈ ਸਾਖਤੀਆਂ, ਗੁਰਮੁਖ ਦਿਲ-ਰਾਸੀਆਂ ਦਾ ਕਿਆ ਸੋਹਣਾ ਦ੍ਰਿਸ਼ਜ ਅਗਲੇ ਵਾਕ ਅੰਦਰ ਦਰਸਾਇਆ ਹੈ :–

ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥ ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥
ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥ ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ ॥੧॥(੧੨)

ਸਲੋਕ ਮ: ੧–੧੦੯੦

ਅਰਥਾਤ ਅਗਲੀ ਦਰਗਾਹ ਅੰਦਰ ਹੁਕਮ ਰਜ਼ਾਈ ਸਾਖਤੀ ਵਾਲਾ ਸਚੁ (ਗੁਰਮਤਿ ਨਾਮ) ਹੀ ਕਬੂਲ ਪੈਂਦਾ ਹੈ। ਇਸ ਗੁਰਮਤਿ ਨਾਮ ਤੋਂ ਵਿਹੂਣਿਆਂ ਦਾ ਸਚੇ ਸਾਹਿਬ ਦੀ ਦਰਗਾਹ ਵਿਚ ਜ਼ਰੂਰ ਲੇਖਾ ਮੰਗਿਆ ਜਾਵੇਗਾ। ਮਤ ਕੋਈ ਏਸੇ ਦੁਨੀਆ ਨੂੰ ਦੇਖ ਕੇ ਭੁਲੇ ਤੇ ਗੁਮਾਨ ਕਰੇ ਕਿ 'ਇਹ ਜਗ ਮਿੱਠਾ ਤੇ ਅਗਲਾ ਕਿਨ੍ਹ ਡਿੱਠਾ': ਏਸ ਭਰਮ ਭੁਲਾਵੇ, ਦੁਨੀਆ ਦੀਆਂ ਮੌਜਾਂ ਮਾਨਣ ਵਿਚ ਹੀ ਮਦਹੋਸ਼ ਹੋਇਆ ਫਿਰੇ ਤੇ ਮਨ ਦੀਆਂ ਖੁਲ੍ਹੀਆਂ ਵਾਗਾਂ ਛਡ ਦੇਵੇ। ਅਜਿਹੇ ਵਿਸ਼ੇ ਵਿਕਾਰੀਆਂ ਦਾ ਦਰਗਾਹ ਵਿਚ ਲੇਖਾ ਜ਼ਰੂਰ ਹੋਵੇਗਾ। ਜਿਨ੍ਹਾਂ ਮਨ ਦੀਆਂ ਵਾਗਾਂ ਨਹੀਂ ਰੋਕੀਆਂ ਤੇ ਆਪਣੇ ਮਨ ਤੇ ਪਹਿਰਾ ਨਹੀਂ ਦਿਤਾ, ਤਿਨ੍ਹਾਂ ਨੂੰ ਦਰਗਾਹ ਵਿਚ ਸਜ਼ਾ ਜ਼ਰੂਰ ਮਿਲੇਗੀ। ਜਿਨ੍ਹਾਂ ਮਨ ਜਿਣਨਹਾਰੇ ਗੁਰਮੁੱਖਾਂ ਨੇ ਦਿਲ ਦੀ ਦਰਬਾਨੀ ਕੀਤੀ ਹੈ, ਆਪਣੇ ਦਹਿਦਿਸ ਧਾਵਣਹਾਰੇ ਮਨ ਉਤੇ ਪੱਕਾ ਪਹਿਰਾ ਦਿਤਾ ਹੈ ਅਤੇ ਦੁਨੀਆ ਤੋਂ ਨਿਵਿਰਤੀ ਵਾਲਾ, ਸਚ ਵੈਰਾਗ, ਗ੍ਰਿਹਸਤ ਉਦਾਸ, ਦਰਵੇਸ਼ੀ ਦਿਲ ਰਾਸ ਚਾਲਾ ਧਾਰਿਆ ਹੈ, ਤਿਨ੍ਹਾਂ ਨੇ ਸਚਾ ਰੱਬੀ ਇਸ਼ਕ ਮੁਹੱਬਤੀ ਜੀਵਨ ਜੀਵਿਆ ਹੈ, ਤਿਨ੍ਹਾਂ ਦਾ ਹੀ ਸਿੱਧਾ ਕਰਤੇ ਪੁਰਖ ਪ੍ਰੀਤਮ ਦੇ ਦਰ ਤੇ ਸਿੱਝਣਾ ਹੋਇਆ ਹੈ। ਕਰਤੇ ਦੇ ਦਰ-ਲੇਖੀਆਂ (ਦਰ ਤੇ ਪਰਵਾਨ ਪਇਆਂ) ਦਾ ਲੇਖਾ ਕਿਸ ਨੇ ਲੈਣਾ ਹੈ, ਕੋਈ ਨਹੀਂ ਲੈ ਸਕਦਾ। ਦਰਗਹਿ ਸਿੱਝਣ ਸੀਝਿਆਂ ਤੋਂ ਲੇਖਾ :–

ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ ॥
ਓਇ ਹਲਤਿ ਪਲਤਿ ਜਨ ਭਏ ਸੁਹੇਲੇ ਹਰਿ ਰਾਖਿ ਲੀਏ ਰਖਨਹਾਰਿ ॥...੨॥ (੪॥੩)

ਤੁਖਾਰੀ ਮ: ੪–੧੧੧੫

ਮੁਕਤ ਪਦ ਅਭਿਆਸੀ ਜਨਾਂ ਨੂੰ ਹੀ ਮਿਲਦਾ ਹੈ। ਗੁਰਮਤਿ ਨਾਮ ਦੇ ਅਭਿਆਸੀ ਜਨਾਂ ਦੇ ਹਰਿ ਦਰਗਹਿ ਮੁਖ ਊਜਲੇ ਹੁੰਦੇ ਹਨ ਤੇ ਉਹ ਇਸ ਲੋਕ ਤੇ ਪਰਲੋਕ ਵਿਚ ਸਦਾ ਸੁਹੇਲੇ ਰਹਿੰਦੇ ਹਨ। ਰਖਣਹਾਰ ਗੁਰੂ ਕਰਤਾਰ ਉਨ੍ਹਾਂ ਦੀ ਹਰ ਬਾਬ ਰਖਿਆ ਕਰਦਾ ਹੈ; ਇਸ ਲੋਕ ਵਿਚ ਭੀ ਤੇ ਅਗਲੇ ਪਰਲੋਕ ਵਿਚ ਭੀ। ਸੋ ਹੋਇਆ ਨਾ ਅਗਲਾ ਲੋਕ ਜ਼ਰੂਰ।

ਨਾਮ ਨਿਧਾਨ ਦੀ ਮਿਲਖ ਜਿਨ੍ਹਾਂ ਦੇ ਭਾਗਾਂ ਵਿਚ ਲਿਖੀ ਹੈ, ਸੇਈ ਜਨ ਅਗਲੀ ਦਰਗਾਹ ਅੰਦਰ ਮਾਨ ਪਾਉਂਦੇ ਹਨ। ਸੁਖ ਸਹਿਜ ਸੇਤੀ ਅਨੰਦ ਮਗਨ ਹੋਇ ਗੁਣ ਗਾਉਣਹਾਰਿਆਂ ਨੂੰ ਅਗੇ (ਅਗਲੀ ਦਰਗਾਹੇ) ਚਲ ਕੇ ਖ਼ਾਸ ਥਾਉਂ ਮਿਲਦਾ ਹੈ। ਐਥੇ ਚਾਹੇ ਉਹ ਨਿਥਾਵੇਂ ਹੀ ਹੋਣ। ਗੁਰਵਾਕ :–

ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥ ਸੇ ਜਨ ਦਰਗਹ ਪਾਵਹਿ ਮਾਨੁ ॥
ਸੂਖ ਸਹਜ ਆਨੰਦ ਗੁਣ ਗਾਉ ॥ ਅਾਗੈ ਮਿਲੈ ਨਿਥਾਵੇ ਥਾਉ ॥੨॥(੪॥੧੬॥੨੯)

ਭੈਰਉ ਮ: ੫–੧੧੪੩



www.AKJ.Org

ਸਾਕਤ, ਮਨਮੁਖ, ਨਾਸਤਕ ਦਾ ਜਿਤਨਾ ਭੀ ਆਚਾਰ ਕਰਮ ਹੈ, ਸਭ ਝੂਠ ਹੈ। ਗੁਰ ਪੂਰੇ ਬਿਨਾਂ ਮੁਕਤੀ ਕਿਸੇ ਦੀ ਨਹੀਂ ਹੋ ਸਕਦੀ। ਸਚੀ ਦਰਗਾਹ ਸਾਕਤ ਲੋਕ ਜਾਣੇ ਹੀ ਨਹੀਂ ਪਾਉਂਦੇ,ਠਾਕੇ ਜਾਂਦੇ ਹਨ। ਗੁਰਵਾਕ :

ਹਰਿ ਕੇ ਨਾਮ ਬਿਨਾ ਸਭੁ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ਰਹਾਉ॥...
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥(੪॥੪੦॥੫੩)
ਭੈਰਉ ਮ: ੫—੧੧੫੧

ਪਿਛਲੀਆਂ ਦੋ ਪੰਗਤੀਆਂ ਦਸਦੀਆਂ ਹਨ ਕਿ ਮੈਲ-ਇਸ਼ਨਾਨੀ ਬਗਲੇ ਭਗਤਾਂ ਦੀਆਂ ਬਗਲ-ਸਮਾਧੀਆਂ ਕਿਸੇ ਲੇਖੇ ਨਹੀਂ। ਏਥੇ ਭੇਖ ਦਿਖਾਉਣ-ਹਾਰਿਆਂ ਦੇ ਜਦ ਅਗਲੀ ਦਰਗਾਹ ਵਿਚ ਪਾਜ ਖੁਲ੍ਹਣਗੇ ਤਾਂ ਤਿਨ੍ਹਾਂ ਦੀ ਪੱਲ-ਪਤਿ ਦੀ ਕਉਡੀ ਕੀਮਤ ਨਹੀਂ ਪੈਣੀ। ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਨਿਧਾਨ ਦ੍ਰਿੜ੍ਹਾ ਦਿਤਾ ਹੈ ਨਿਜ ਘਰੋਂ ਦੀਖਿਆ ਦਾਨ ਦੇ ਕੇ, ਤਿਨ੍ਹਾਂ ਭਾਣੇ ਰਾਜ ਮਾਲ ਮਾਇਆ ਦਾ ਸਭ ਪਸਾਰਾ ਝੂਠਾ ਹੈ। ਇਸ ਝੂਠ-ਪਸਾਰੇ ਨੂੰ ਗ੍ਰਿਹਸਤ ਉਦਾਸੀਆਂ ਗੁਰਮੁਖ ਜਨਾਂ ਨੇ ਬਿਖ ਸਮਝ ਕੇ ਤਿਆਗ ਦਿਤਾ ਹੈ, ਓਸੇ ਧੰਧ ਬੰਧ ਮਾਇਆ ਨੂੰ ਲੋਭੀ ਨਰ ਲਪਟਾਇ ਰਹੇ ਹਨ। ਐਸੇ ਲਪਟ-ਲਪਟਾਰੀਆਂ ਨਾਮ-ਬੇ-ਮੁਖਾਰੀਆਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ, ਕਦੇ ਨਹੀਂ ਟਲਦੀਆਂ :—

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥(੧੩॥੧॥੨)
ਭੈਰਉ ਮ: ੩—੧੧੫੫

ਅਗੇ ਗਇਆਂ ਲੇਖਾ ਮੰਗਿਆ ਜਾਣਾ ਹੈ ਤੇ ਜ਼ਰੂਰੀ ਮੰਗਿਆ ਜਾਣਾ ਹੈ ਅਤੇ ਦਸ ਗੁਣੀ ਸਜ਼ਾ ਮਿਲੇਗੀ :—

ਅਗੇ ਲੇਖੈ ਮੰਗਿਐ ਹੋਰ ਦਸੂਣੀ ਪਾਇ ॥੨॥ (੮) —ਵਾਰ ਸਾਰੰਗ, ਮ: ੧—੧੨੪੦

ਪਰ ਨਾਮ ਦਾ ਲੇਖਾ ਪੜ੍ਹਿਆਂ, ਅਰਥਾਤ ਗੁਰਮਤਿ ਨਾਮ ਸਾਸ ਗਿਰਾਸ ਜਪਿਆਂ ਪੂਰਬ ਕਮਾਤੇ ਸਾਰੇ ਮੰਦੇ ਲੇਖ ਮਿਟ ਜਾਂਦੇ ਹਨ ਤੇ ਅਗੇ ਨੂੰ ਕੋਈ ਮੰਦਾ ਕਰਮ ਨਹੀਂ ਹੁੰਦਾ ਤੇ ਨਾ ਹੀ ਨਵੇਂ ਸਿਰੇ ਮੰਦੇ ਲੇਖ ਲਿਖੇ ਜਾਂਦੇ ਹਨ। ਤਿਨ੍ਹਾਂ ਨੂੰ ਅਗੇ ਚਲ ਕੇ ਕੋਈ ਪੁਛ ਗਿਛ ਨਹੀਂ ਹੁੰਦੀ। ਹਰਿ ਦਰਗਾਹ ਅੰਦਰ ਉਨ੍ਹਾਂ ਨੂੰ ਸਗੋਂ ਢੋਈ ਮਿਲਦੀ ਹੈ। ਯਥਾ ਗੁਰਵਾਕ :—

ਲੇਖਾ ਪੜੀਐ ਹਰਿਨਾਮੁ ਫਿਰਿ ਲੇਖੁ ਨ ਹੋਈ ॥ ਪੁਛਿ ਨ ਸਕੈ ਕੋਈ ਹਰਿ ਦਰਿ ਸਦ ਢੋਈ ॥
ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥ ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥
ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥੨੮॥ —ਸਾਰੰਗ ਕੀ ਵਾਰ—੧੨੪੮

ਇਹ ਗੁਰਵਾਕ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੂੰ ਹਰਿ ਦਰਗਹ ਢੋਈ ਮਿਲਦੀ ਹੈ, ਤਿਨ੍ਹਾਂ ਨੂੰ ਅਗੋਂ ਜਮਕਾਲ ਭੀ ਭੇਟਾ ਲੈ ਕੇ ਮਿਲਦਾ ਹੈ ਤੇ ਉਲਟਾ ਉਨ੍ਹਾਂ ਦਾ ਸੇਵਕ ਹੋ ਜਾਂਦਾ ਹੈ। ਪੂਰੇ ਸਤਿਗੁਰੂ ਦੀ ਬਸੀਠੀ ਦੇ ਸਦਕੇ ਤਿਨ੍ਹਾਂ ਦਾ ਸਚ-ਮਹਲੀਂ ਵਾਸਾ ਹੋ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਤਿਨ੍ਹਾਂ ਦੀ ਸੋਭਾ ਉਘੀ ਹੋ ਜਾਂਦੀ ਹੈ। ਤਿਸ ਸਚੇ ਦਰ ਮਹਲ, ਜਿਥੇ ਕਿ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ, ਅਨਹਦ ਧੁਨੀਆਂ ਦੀ ਝੁਨਕਾਰ ਉਠਦੀ ਹੈ ਤੇ ਸਦਾ ਅਨਹਦ ਵਾਜੇ ਵਜ ਰਹੇ ਹਨ।

ਉਸ ਸਚੀ ਦਰਗਾਹੇ ਮਨਮੁਖਾਂ ਸਾਕਤਾਂ ਦਾ ਲੇਖਾ ਹੁੰਦਾ ਹੈ। ਓਥੇ ਉਹ ਕੂੜਿਆਰ ਸਾਬਤ ਹੁੰਦੇ ਹਨ, ਜਿਹੜੇ ਐਥੇ ਆਪੇ ਸਚਿਆਰ ਬਣ ਬਣ ਬੈਠਦੇ ਹਨ। ਕਾਮ, ਕ੍ਰੋਧ, ਹੰਕਾਰ ਦੇ ਲਦੇ ਹੋਏ ਮਨਮੁਖ ਬੋਲ ਕੁਬੋਲੋਂ ਟਲਦੇ ਨਹੀਂ, ਮੰਦਾ ਹੀ ਚਿਤਵਦੇ ਹਨ। ਓਨ੍ਹਾਂ ਨੂੰ ਚੰਗਾ ਬੋਲ ਬੋਲਣਾ ਹੀ ਨਹੀਂ ਆਉਂਦਾ, ਚੰਗੀ ਚਿਤਵਣੀ



www.AKJ.Org

ਉਹ ਚਿਤਵਣ ਹੀ ਨਹੀਂ ਜਾਣਦੇ। ਥਾਉਂ ਕੁਥਾਉਂ ਨਹੀਂ ਦੇਖਦੇ, ਤਿਨ੍ਹਾਂ ਦਾ ਅਗਲੀ ਦਰਗਾਹੇ ਉਪਰ ਦਸਿਆ ਹਾਲ ਹੋਣਾ ਹੈ :–

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥
ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥ ..੧॥(੩੦) –ਸਲੋਕ ਮ: ੩--੧੨੪੮

ਮਨਮੁਖਾਂ ਨੇ ਇਸ ਲੋਕ ਵਿਚ ਸੋਈ ਅਗਿਆਨ ਅੰਧਾਰੇ ਤੇ ਅਵਿਦਿਆ ਵਾਲੇ ਕੰਮ ਕੀਤੇ ਹਨ, ਸੋਈ ਅਵਿੱਦਤ ਸਾਧਨ ਸਾਧੇ ਹਨ, ਜਿਨ੍ਹਾਂ ਦਾ ਪਰਲੋਕ ਵਿਚ ਭੀ ਅਪਜਸ ਹੁੰਦਾ ਹੈ, ਅਰਥਾਤ ਜਿਨ੍ਹਾਂ ਕਰਮਾਂ ਦੇ ਕਰਨ ਤੋਂ ਪਰਲੋਕ ਵਿਚ ਭੀ ਬਦਨਾਮੀ ਹੁੰਦੀ ਹੈ। ਯਥਾ ਗੁਰਵਾਕ :–

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੭॥
ਸਾਰੰਗ ਪਰਮਾਨੰਦ ਜੀ–੧੨੫੩

ਤਾਂ ਤੇ ਪਰਲੋਕ ਦੀ ਹੋਂਦ ਨੂੰ ਜ਼ਰੂਰ ਮੰਨਣਾ ਪਊ। ਮੁਨਕਰ ਹੋਣ ਦੀ ਕੋਈ ਜਾਇ ਹੀ ਨਹੀਂ। ਮਾਇਆ ਨਾਲ ਮਨੂਰ ਹੋਏ ਮਨ ਇਹੋ ਅਗਿਆਨ ਵਿਸ਼ਵਾਸ ਲਈ ਬੈਠੇ ਹਨ, ਜੋ ਕੁਝ ਹੈ ਏਸ ਦੁਨੀਆ ਵਿਚ ਹੀ ਹੈ, ਏਥੇ ਹੀ ਮਾਇਆ ਦੇ ਰੰਗ ਮਾਣ ਲਓ। ਖਾਤ, ਪੀਤ, ਹਸਤ, ਬਿਹਾਇ ਲਵੋ, (Eat, Drink and be merry) ਅੱਗਾ ਕੀਹਨੇ ਦੇਖਿਆ ਹੈ ?" ਜੇ ਅੱਗੇ ਦਾ ਉਹਨਾਂ ਨੂੰ ਫ਼ਿਕਰ ਹੋਵੇ ਤਾਂ ਏਸ ਭੈ-ਸਾਗਰ ਤੋਂ ਤਰਨ ਦਾ ਕੋਈ ਤੁਲਹਾ ਬੰਨ੍ਹਣ। ਪਰ ਇਹ ਅਗਲੇਰਾ ਗੁਰਵਾਕ ਉਨ੍ਹਾਂ ਨੂੰ ਕੈਸੀ ਸੂਝ ਸੁਝਾਵਣੀ ਕਰਾਉਂਦਾ ਹੋਇਆ ਖ਼ਬਰਦਾਰ ਕਰਦਾ ਹੈ :–

ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥
ਸਾਰੰਗ ਕਬੀਰ ਜੀ–੧੨੫੩

ਗੁਰ-ਸ਼ਬਦ ਰਤੇ ਬੈਰਾਗੀ ਜਨ ਇਸ ਮਾਇਆ ਤੋਂ ਸਦਾ ਹੀ ਉਪਰਾਮ ਰਹਿੰਦੇ ਹਨ। ਏਸ ਨੂੰ ਅਸਥਿਰ ਸਮਝ ਕੇ ਇਸ ਵਿਚ ਲਿਪਾਇਮਾਨ ਨਹੀਂ ਹੁੰਦੇ, ਸਦਾ ਅਲੇਪ ਤੇ ਤਿਆਗੀ ਬਣੇ ਰਹਿੰਦੇ ਹਨ। ਇਸ ਤੋਂ ਉਚਾਟ ਹੋ, ਉਹ ਅਨਦਿਨ ਸਦਾ ਸਦਾ ਸਾਸ ਸਾਸ ਨਾਮ ਹੀ ਧਿਆਉਂਦੇ ਰਹਿੰਦੇ ਹਨ ਤੇ ਅਗੇ ਚਲ ਕੇ ਸਚੀ ਦਰਗਾਹ ਵਿਚ ਸਚਾ ਮਾਣ ਪਾਉਂਦੇ ਹਨ। ਜਿਹਾ ਕਿ :–

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮ ॥
ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥੧॥ਰਹਾਉ॥...
ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥
ਮਲਾਰ ਮ: ੩–੧੨੫੯-੬੦

ਹੇਠ ਲਿਖੇ ਗੁਰਵਾਕ ਵਿਚ ਅੱਗੇ ਦੇ ਨਿਬੇੜੇ ਦਾ ਕਿਆ ਸੋਹਣਾ ਨਿਰਣਾ ਹੋਇਆ ਹੈ :–

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥
ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥
ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥
ਵਾਰ ਮਲਾਰ ਮ: ੧–੧੨੮੧

[ਛਪ ਰਹੀ ਪੁਸਤਕ 'ਅਣਡਿਠੀ ਦੁਨੀਆਂ ਵਿਚੋਂ']



www.AKJ.Org

# ਖਾਲਸਾ ਜੀ ਦਾ ਨਿਰਾਲਾਪਣ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਿੰਘਾਂ ਦਾ ਪੰਥ ਨਿਰਾਲਾ,
ਖਾਲਸਈ ਸਿੰਘਤ ਅੰਸ਼ ਨਿਰਾਲਾ,
ਖਾਲਸਾ ਜੀ ਦਾ ਬੰਸ ਨਿਰਾਲਾ,
ਖਾਲਸਾ ਜੀ ਦੀ ਕੌਮੀਅਤ ਵਿਲੱਖਣ,
ਖਾਲਸਾ ਜੀ ਦੀ ਪੰਥੌਮੀਅਤ ਬਿਚੱਖਣ,
ਖਾਲਸਾ ਜੀ ਦਾ ਤੇਜ ਨਿਰਾਲਾ,
ਖਾਲਸਾ ਜੀ ਦਾ ਜੋਤਿ-ਰੂਪੇਜ ਨਿਰਾਲਾ,
ਖਾਲਸਾ ਜੀ ਦਾ ਵੇਸ ਨਿਰਾਲਾ,
ਭੇਸ ਨਿਰਾਲਾ,
ਆਵੇਸ ਆਦੇਸ ਨਿਰਾਲਾ,
ਖਾਲਸਾ ਜੀ ਦਾ ਬੋਲ-ਬਾਲਾ,
ਖਾਲਸਾ ਜੀ ਦਾ ਜੈਜੈਕਾਰ ਖਾਲਸਾਲਾ,
ਖਾਲਸਾ ਜੀ ਦਾ ਖਾਲਸੱਤ ਨਿਰਾਲਾ,
ਖਾਲਸਾ ਜੀ ਦਾ ਤੇਜ ਤੱਤ ਨਿਰਾਲਾ
ਖਾਲਸਾ ਜੀ ਦਾ ਸ਼ਾਂਤ ਬੀਰੱਤ ਨਿਰਾਲਾ,
ਖਾਲਸਾ ਜੀ ਦਾ ਤੱਤ ਔਜੱਤ ਜੋਸ਼ ਨਿਰਾਲਾ,
ਖਾਲਸਾ ਜੀ ਦਾ ਹੁਸ਼ਿਆਰ ਮਸਤਹੋਸ਼ ਨਿਰਾਲਾ,
ਖਾਲਸਾ ਜੀ ਦਾ ਖਸੱਮਤ ਨਿਰਾਲਾ,
ਖਾਲਸਾ ਜੀ ਦਾ ਗੰਭੀਰੱਤ ਨਿਰਾਲਾ,
ਖਾਲਸਾ ਜੀ ਦਾ ਚੇਹਰੱਤ ਨਿਰਾਲਾ,
ਖਾਲਸਾ ਜੀ ਦਾ ਨੂਰੱਤ ਨਿਰਾਲਾ,
ਖਾਲਸਾ ਜੀ ਦਾ ਜਲਾਲ ਨਿਰਾਲਾ,
ਖਾਲਸਾ ਜੀ ਦਾ ਸੂਰੱਤ ਨਿਰਾਲਾ,
ਖਾਲਸਾ ਜੀ ਦਾ ਹਸ਼ਮਤ ਜਾਹੋ-ਜਬ੍ਹਾ ਨਿਰਾਲਾ,
ਖਾਲਸਾ ਜੀ ਦਾ ਪਰਤਵਾ ਨਿਰਾਲਾ,
ਖਾਲਸਾ ਜੀ ਦਾ ਸ਼ਖਸੀਅਤਵਾ ਨਿਰਾਲਾ,
ਖਾਲਸਾ ਜੀ ਦਾ ਦਬਦਬਾ ਨਿਰਾਲਾ,
ਖਾਲਸਾ ਜੀ ਦੀ ਆਨ ਸ਼ਾਨ ਨਿਰਾਲੀ,
ਖਾਲਸਾ ਜੀ ਦੀ ਰਸਬੀਰ ਧੀਰ ਨਿਰਾਲੀ,
ਖਾਲਸਾ ਜੀ ਦੀ ਸ਼ਾਂਤ ਮਤੀਰ ਨਿਰਾਲੀ,
ਖਾਲਸਾ ਜੀ ਦਾ ਉੱਚ ਮਤਾ ਨਿਰਾਲਾ,
ਖਾਲਸਾ ਜੀ ਦਾ ਮਰਣ ਗਤਾ ਨਿਰਾਲਾ,
ਖਾਲਸਾ ਜੀ ਦੀ ਮੌਜ ਮਸਤੌਜ ਨਿਰਾਲੀ,
ਖਾਲਸਾ ਜੀ ਦੀ ਆਤਮ-ਔਜ ਨਿਰਾਲੀ,
ਖਾਲਸਾ ਜੀ ਦਾ ਜੈਕਾਰਾ ਗੱਜ-ਗਜਾਲਾ,
ਖਾਲਸਾ ਜੀ ਦਾ ਜਿਗਰਾ ਜੱਗ-ਜੱਗਾਲਾ,
ਖਾਲਸਾ ਜੀ ਦਾ ਮਸਤਕ ਦੱਗ-ਦਗਾਲਾ,
ਖਾਲਸਾ ਜੀ ਦਾ ਰਵਾ ਚੜ੍ਹਦੀ ਕਲਾ ਵਾਲਾ
ਖਾਲਸਾ ਜੀ ਦਾ ਚਿਹਨ-ਚੱਕਰ ਨਿਰਾਲਾ,
ਖਾਲਸਾ ਜੀ ਦਾ ਬਿਜੈ ਨਿਸ਼ਾਨ ਨਿਰਾਲਾ,
ਖਾਲਸਾ ਜੀ ਦਾ ਅਕਾਲ-ਜਜ਼ਬਾ ਨਿਰਾਲਾ,
ਖਾਲਸਾ ਜੀ ਦਾ ਅਕਾਲੀ ਨਾਅਰਾ ਨਿਰਾਲਾ,
ਖਾਲਸਾ ਜੀ ਦੀ ਗੁਫਤਾਰ ਰਫਤਾਰ ਨਿਰਾਲੀ,
ਖਾਲਸਾ ਜੀ ਦੀ ਚਾਲ ਢਾਲ ਨਿਰਾਲੀ,
ਖਾਲਸੇ ਜੀ ਦਾ ਤੌਰ ਨਿਰਾਲਾ ਤੇ ਜ਼ੋਰ ਨਿਰਾਲਾ
ਖਾਲਸੇ ਦੀ ਲਿਵ-ਧੁਨੀ ਨਿਰਾਲੀ,
ਖਾਲਸਾ ਜੀ ਦੀ ਗੂੰਜ ਗੁੰਜਾਲੀ,
ਖਾਲਸਾ ਜੀ ਦਾ ਸੀਸ ਸਸ਼ੋਭਤੀ
ਦੂਹਰੇ ਦਸਤਾਰੇ ਵਾਲਾ ਚੇਹਨ ਨਿਰਾਲਾ,
ਖਾਲਸਾ ਜੀ ਦੇ ਗੁਰਮੁਖੀ ਦਾੜ੍ਹੇ ਵਾਲਾ
ਨਵ-ਜੋਬਨੀ ਸ਼ਬਾਬ ਪੇਹਨ ਨਿਰਾਲਾ ।

ਦੁਨੀਆ ਦੀਆਂ ਸੈਂਕੜੇ ਕੌਮਾਂ ਦੀਆਂ ਸਹੰਸਰੀ ਸਫਾਂ ਵਿਚ ਖੜਾ ਇਕੋ ਇਕ ਸਿੰਘ ਖਾਲਸਾ-ਜਨ ਪਹਿਲੀ ਨਜ਼ਰ ਹੀ ਦੂਰੋਂ ਨਿਰਾਲਾ ਹੀ ਪਛਾਣਿਆ ਜਾਂਦਾ ਹੈ । ਇਸੇ ਪਰ-ਕਾਰ ਅਨੇਕਾਂ ਕੌਮਾਂ ਦੀਆਂ ਤ੍ਰੀਮਤਾਂ ਦੀ ਕਤਾਰ ਵਿਚ ਖੜੀ ਪੁਰਾਤਨ ਭੁਝੰਗਣ ਸਿੰਘਣੀ ਦੂਰੋਂ ਹੀ ਦੇਖਣਸਾਰ ਨਿਰਾਲੀ ਪਛਾਣੀ ਜਾਂਦੀ ਸੀ। ਉਸ ਦੇ ਦਸਮ ਦੁਆਰੜੇ ਸੀਸ ਉਤੇ ਜੂੜੇ ਸਹਿਤ ਜਟਾ-ਮੁਕਟੀ ਸਜੀ ਦਸਤਾਰ ਨਿਰਾਲੀ ਕੌਮੀ-ਅਤ ਦੀ ਪਛਾਣ, ਸੁਤੇ ਸਹਿਜ ਹੀ ਕਰਾ ਦਿੰਦੀ ਸੀ। ਇਸ ਦੀ ਹਾਮੀ ਪ੍ਰਸਿਧ ਅੰਗਰੇਜ਼ ਹਿਸਟੋਰੀਅਨ ਕਨਿੰਘਮ ਸਾਹਿਬ ਨੇ ਅਖੀਂ ਵੇਖ ਕੇ ਭਰੀ ਹੈ ।

['ਸਿੰਘਾਂ ਦਾ ਪੰਥ ਨਿਰਾਲਾ'' ਟ੍ਰੈਕਟ ਵਿਚੋਂ

'ਸੂਰਾ' ਅੰਮ੍ਰਿਤਸਰ, ਮਾਰਚ ੧੯੮੩



www.AKJ.Org

# ਗੁਰਦਵਾਰਾ ਪ੍ਰਬੰਧਕ ਕਿਸਤਰ੍ਹਾਂ ਚੁਣੇ ਜਾਣੇ ਚਾਹੀਦੇ ਹਨ ?

[ਵਲੋਂ—ਸ: ਨਰਾਇਣ ਸਿੰਘ ਜੀ]

ਪਿਛਲੀ ਦਿਨੀਂ ਉਪਰੋਕਤ ਵਿਸ਼ੇ ਤੇ ਚੰਡੀਗੜ੍ਹ ਵਿਚ ਗੋਸ਼ਟੀ ਹੋਈ, ਜਿਸ ਵਿਚ ਕਈ ਵਿਦਵਾਨਾਂ ਨੇ ਹਿੱਸਾ ਲਿਆ । ਹੇਠ ਲਿਖੇ ਵਿਚਾਰ ਸਰਦਾਰ ਨਰਾਇਣ ਸਿੰਘ ਦੀ ਲਿਖਤ ਤੋਂ ਲਏ ਗਏ ਹਨ, ਜਿਨ੍ਹਾਂ ਨੂੰ ਸਰਬ ਸੰਮਤੀ ਨਾਲ ਅਪਣਾਇਆ ਗਿਆ । —ਅਜੀਤ, ਜਲੰਧਰ

ਸਾਡੀਆਂ ਵਰਤਮਾਨ ਸਭਾਵਾਂ ਦੇ ਵਿਧਾਨ, ਭਾਵੇਂ ਇਹ ਧਾਰਮਕ ਸਭਾਵਾਂ ਹਨ, ਸਮਾਜਕ ਜਾਂ ਰਾਜ-ਨੀਤਕ, ਗਣਤੰਤਰੀ ਤਰੀਕੇ ਅਨੁਸਾਰ ਘੜੇ ਗਏ ਹਨ । ਇਹ ਤ਼ਰੀਕਾ ਹਰ ਬਾਲਗ ਮਨੁਖ ਤੇ ਇਸਤਰੀ ਨੂੰ ਇਹ ਹਕ ਦਿੰਦਾ ਹੈ ਕਿ ਉਹ ਆਪਣੀ ਵੋਟ ਪਾ ਕੇ ਕਿਸੇ ਦੂਜ਼ੇ ਮਨੁਖ ਜਾਂ ਇਸਤਰੀ ਨੂੰ ਕਿਸੇ ਸਭਾ ਦਾ ਮੈਂਬਰ ਬਣਾਏ ਜਾਂ ਆਪੂੰ ਕਿਸੇ ਸਭਾ ਦਾ ਮੈਂਬਰ ਬਣਨ ਲਈ ਚੋਣ ਲੜੇ । ਦੋਹਾਂ ਹਾਲਤਾਂ ਵਿਚ ਹਰ ਮਨੁਖ, ਇਸਤਰੀ ਆਪਣਾ ਇਕ ਵਿਸ਼ੇਸ਼ ਅਧਿਕਾਰ ਰਖਣ ਦੀ ਹਉਮੈ ਦੀ ਪਕੜ ਵਿਚ ਹੈ, ਯਾਨੀ ਕਿਸੇ ਸਥਾਨ ਲਈ ਚੁਣਿਆ ਜਾਣਾ ਜਾਂ ਕਿਸੇ ਦੂਸਰੇ ਨੂੰ ਚੁਣਨਾ ਉਸ ਦਾ ਜਮਾਂਦਰੂ ਹਕ ਹੈ । ਸਿਖ ਪਰੰਪਰਾ ਇਸ ਕਹੇ ਜਾਂਦੇ ਜਮਾਂਦਰੂ ਹਕ ਨੂੰ ਤਸਲੀਮ ਨਹੀਂ ਕਰਦੀ ਅਤੇ ਸਾਡਾ ਸਿਖ ਸਭਾਵਾਂ, ਗੁਰਦੁਆਰਿਆ ਅਤੇ ਹੋਰ ਆਸ਼ਰਮਾਂ ਦੀਆਂ ਪ੍ਰਬੰਧਕ ਕਮੇਟੀਆਂ ਚੁਣਨ ਲਈ ਅਜਿਹੇ ਗਣਤੰਤਰੀ ਤਰੀਕੇ ਨੂੰ ਪ੍ਰਵਾਨ ਕਰਨਾ ਸਾਡੀ ਪਰੰਪਰਾ ਅਨੁਕੂਲ ਨਹੀਂ । ਪੰਜਾਬ ਅੰਦਰ ਅੰਗਰੇਜ਼ੀ ਰਾਜ ਤੋਂ ਪਹਿਲਾਂ ਸਾਡੀ ਕਿਸੇ ਸਭਾ ਜਾਂ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਵੋਟਾਂ ਪਾ ਕੇ ਸਿਰਾਂ ਦੀ ਬਹੁ-ਗਿਣਤੀ ਨਾਲ ਨਹੀਂ ਕੀਤੀ ਜਾਂਦੀ ਸੀ । ਸਿਖ ਪਰੰਪਰਾ ਅਨੁਸਾਰ ਕਿਸੇ ਸੇਵਾ ਜਾਂ ਅਧਿਕਾਰ ਦੀ ਪ੍ਰਾਪਤੀ ਇਕ ਮਾਣ ਸੀ, ਹਕ ਨਹੀਂ ਸੀ । ਮੁਗਲ ਹਕੂਮਤ ਵਲੋਂ ਖਾਲਸੇ ਨੂੰ ਨਵਾਬੀ ਦੇਣ ਸਮੇਂ ਖਾਲਸੇ ਨੇ ਵੋਟਾਂ ਦੁਆਰਾ ਇਹ ਫੈਸਲਾ ਨਹੀਂ ਸੀ ਕੀਤਾ ਕਿ ਕਿਸ੍ਹ ਨੂੰ ਨਵਾਬ ਨਿਯੁਕਤਿਆ ਜਾਵੇ । ਖਾਲਸਾ ਸਮਝਦਾ ਸੀ ਕਿ ਨਵਾਬ ਹੋਣਾ ਇਕ ਮਾਣ ਸੀ, ਜੋ ਯੋਗ ਤੇ ਮੁਸਤਹਿਕ ਆਦਮੀ ਨੂੰ ਦਿਤਾ ਜਾ ਸਕਦਾ ਸੀ । ਜੇ ਉਸ ਸਮੇਂ ਅੱਜ ਵਾਲਾ ਗਣਤੰਤਰੀ ਵਿਚਾਰ ਸਵੀਕਾਰਿਆ ਗਿਆ ਹੁੰਦਾ ਤਾਂ ਹਰ ਸਿੱਖ ਉਸ ਨੂੰ ਆਪਣਾ ਹੱਕ ਜਾਣ ਕੇ ਇਸ ਲਈ ਕੋਸ਼ਿਸ਼ ਕਰਦਾ, ਜਿਵੇਂ ਅੱਜ ਕਲ੍ਹ ਐਮ. ਪੀ. ਜਾਂ ਐਮ. ਐਲ. ਏ. ਜਾਂ ਵਜ਼ੀਰ ਬਣਨ ਲਈ ਹਰ ਕੋਈ ਆਪਣਾ ਹੱਕ ਜਤਾਉਣ ਦੀ ਕੋਸ਼ਿਸ਼ ਕਰਦਾ ਹੈ ।

ਵਰਤਮਾਨ ਕਾਲ ਅਤੇ ਸਿਖ ਪਰੰਪਰਾ ਦੇ ਇਸ ਪ੍ਰਥਾਇ ਵਿਚਾਰਾਂ ਵਿਚ ਇਹ ਅੰਤਰ ਹੈ ਕਿ ਜੋ ਪਦ-ਪਦਵੀ ਅੱਜ ਹਰ ਕਿਸੇ ਦਾ ਹੱਕ ਸਮਝੀ ਜਾਂਦੀ ਹੈ, ਉਹ ਸਿੱਖ ਪਰੰਪਰਾ ਅੰਦਰ ਗਿਣਤੀ ਦੇ ਬਹੁਤ ਥੋਹੜੇ ਯੋਗ ਆਦਮੀਆਂ ਦਾ ਅਧਿਕਾਰ ਸਮਝਿਆ ਜਾਂਦਾ ਸੀ ਅਤੇ ਉਸ ਸਮੇਂ ਖ਼ਾਲਸੇ ਦੀ ਸਫਲਤਾ ਦਾ ਇਹੋ ਵੱਡਾ ਕਾਰਨ ਸੀ ਕਿ ਉਹ ਸਾਡੇ ਵਾਂਗ ਨਿਜਤਵ ਦੀ ਹਉਮੈ ਦੀ ਪਕੜ ਵਿਚ ਨਹੀਂ ਸਨ, ਸਗੋਂ ਹਰ ਗੱਲ ਪੰਥਕ ਨੁਕਤਾ ਨਿਗਾਹ ਨਾਲ ਵਿਚਾਰੀ ਜਾਂਦੀ ਸੀ ।

ਸਾਡੀ ਅੱਜ ਕਲ੍ਹ ਦੀ ਅਪਣਾਈ ਗਣਤੰਤਰੀ ਨੀਤੀ ਨੇ ਨਾ ਕੇਵਲ ਸਾਡੇ ਵਿਚੋਂ ਹਰ ਕਿਸੇ ਦੀ 'ਮੈਂ' ਨੂੰ ਬਲਵਾਨ ਕੀਤਾ ਹੈ, ਬਲਕਿ ਇਸ 'ਮੈਂ' ਨੇ ਜਮਾਇਤੀ ਰੂਪ ਲੈ ਕੇ ਪੰਥ ਨੂੰ ਕਈ ਧੜਿਆਂ ਵਿਚ ਵੰਡ ਦਿਤਾ ਹੈ ਅਤੇ ਸਾਡੀ ਅਠਾਰ੍ਹਵੀਂ ਸਦੀ ਵਾਲੀ ਸਰਬੱਤ ਖਾਲਸਾ ਦੀ ਸਥਿਤੀ ਦਾ ਭੋਗ ਪਾ ਦਿੱਤਾ ਹੈ । ਸਿੱਖ ਇਤਿਹਾਸ ਦੇ ਆਦਿ ਕਾਲ ਤੋਂ ਹੀ ਸੰਗਤ ਦੀ ਪ੍ਰਧਾਨਤਾ ਪ੍ਰਵਾਨ ਰਹੀ ਹੈ । ਗੁਰੂ ਜੀ ਜਿਥੇ ਭੀ ਜਾਂਦੇ, ਸੰਗਤ ਦੀ ਸਥਾਪਨਾ ਕਰਦੇ ਅਤੇ ਸਿੱਖ ਵਿਚਾਰਧਾਰਾ (ideology) ਦੇ ਘੇਰੇ ਅੰਦਰ ਰਹਿੰਦੇ ਹੋਏ ਸੰਗਤ ਦਾ ਕੀਤਾ ਫ਼ੈਸਲਾ ਹੀ ਸਵੀਕਾਰਿਆ ਜਾਂਦਾ । ਅਤਿ ਭੀੜ ਦੇ ਸਮਿਆਂ ਅੰਦਰ ਅਤੇ ਮੁਹਿੰਮਾਂ ਪੈਣ ਤੇ ਭੀ ਜੋ ਫੈਸਲਾ ਸਰਬੱਤ ਖਾਲਸਾ ਕਰਦਾ, ਉਸ ਤੇ ਫੁਲ ਚੜ੍ਹਾਏ ਜਾਂਦੇ । ਕਿਸੇ ਨੂੰ ਇਸ ਦੇ ਉਲਟ ਚਲਣ ਦਾ ਹੀਆ ਨਾ ਪੈਂਦਾ । ਸਾਰੇ ਫ਼ੈਸਲੇ



www.AKJ.Org

ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅਕਸਰ ਅਕਾਲ ਤਖਤ ਸਾਹਿਬ ਤੇ ਹੀ ਹੁੰਦੇ--ਅਜਿਹਾ ਹੋਣਾ ਗੁਰੂ ਦੀ ਮੋਹਰ ਲਗ ਜਾਣ ਦੇ ਤੁਲ ਸਮਝਿਆ ਜਾਂਦਾ ਅਤੇ ਐਸੇ ਫ਼ੈਸਲੇ ਨੂੰ ਗੁਰੂ ਦਾ ਹੁਕਮ ਜਾਣ ਕੇ ਹਰ ਸਿੱਖ, ਭਾਵੇਂ ਉਹ ਪੰਥ ਵਿਚ ਵਡੀ ਪ੍ਰਮਾਣਿਕ ਹਸਤੀ ਭੀ ਹੁੰਦਾ, ਇਸ ਮੂਹਰੇ ਸਿਰ ਝੁਕਾ ਦੇਂਦਾ। ਇਸ ਨੂੰ 'ਗੁਰਮਤਾ' ਜਾਂ 'ਗੁਰੂ ਦਾ ਮਸ਼ਵਰਾ ਮੰਨਿਆ ਜਾਂਦਾ। ਮਹਾਰਾਜਾ ਰਣਜੀਤ ਸਿੰਘ ਇਸ ਅਗੇ ਝੁਕਿਆ। ਗੁਰਮਤਾ ਹੋ ਜਾਣ ਦਾ ਇਕ ਵੱਡਾ ਲਾਭ ਇਹ ਹੁੰਦਾ ਕਿ ਸਾਰਾ ਪੰਥ ਇਕ-ਮੁਠ ਹੋਇਆ ਰਹਿੰਦਾ ਅਤੇ ਅੱਜ ਕਲ੍ਹ ਵਾਂਗ ਕਿਸੇ ਨੂੰ ਆਪਣੀ ਅਡਰੀ ਨਿਜੀ ਚੋਧਰ ਚਮਕਾਉਣ ਦਾ ਹੌਸਲਾ ਨਾ ਹੁੰਦਾ।

ਗੁਰਮਤੇ ਦੀ ਸਾਰੀ ਕਾਰਵਾਈ ਗੁਰੂ ਮੂਹਰੇ ਕੀਤੀ ਅਰਦਾਸ ਨਾਲ ਆਰੰਭ ਹੁੰਦੀ ਅਤੇ ਅਰਦਾਸ ਵਿਚ ਸ਼ਾਮਲ ਹੋਇਆ ਹਰ ਮਨੁਖ ਇਸ ਅਰਦਾਸ ਰਾਹੀਂ ਗੁਰੂ ਦੇ ਹਜ਼ੂਰ ਬਚਨ-ਬਧ (committed) ਹੋ ਜਾਂਦਾ ਕਿ ਉਹ ਨਿਜੀ ਹਉਮੈ ਤੋਂ ਉਪਰ ਉਠ ਕੇ ਪੰਥਕ ਭਲਾਈ ਨੂੰ ਮੁਖ ਰਖੇਗਾ ਅਤੇ ਸੰਗਤ ਦੇ ਕੀਤੇ ਫ਼ੈਸਲੇ, ਤਥਾ ਪਾਸ ਹੋਏ ਗੁਰਮਤੇ ਦਾ ਤਨ ਮਨ ਧਨ ਕਰ ਕੇ ਪਾਬੰਦ ਹੋਵੇਗਾ।

ਇਸ ਕਾਰਵਾਈ ਅੰਦਰ ਮੁਖ ਗੱਲ ਗੁਰੂ ਉਪਰ ਪੂਰਨ ਸ਼ਰਧਾ ਤੇ ਵਿਸ਼ਵਾਸ ਦੀ ਹੁੰਦੀ ਅਤੇ ਇਸ ਨੂੰ ਗੁਰੂ ਦੀ ਕਾਰ ਸਮਝਿਆ ਜਾਂਦਾ। ਅਜਿਹਾ ਵਿਸ਼ਵਾਸ ਇਕ ਬੰਨੇ ਤਾਂ ਨਿਜੀ ਹਉਮੈ ਨੂੰ ਕਮਜ਼ੋਰ ਕਰ ਕੇ ਚੋਧਰ ਹਾਸਲ ਕਰਨ ਦੀ ਲਾਲਸਾ ਨੂੰ ਖਤਮ ਕਰਦਾ ਅਤੇ ਦੂਜੇ ਬੰਨੇ ਪਾਸ ਹੋਏ ਗੁਰਮਤੇ ਨੂੰ ਵਰਤੋਂ ਵਿਚ ਲਿਆਉਣ ਲਈ ਉਤਸ਼ਾਹ ਤੇ ਉਮੰਗ ਬਖਸ਼ਦਾ ਅਤੇ ਹਰ ਸਿਖ ਇਹ ਸਮਝਦਾ ਕਿ ਐਸਾ ਕਰਨ ਨਾਲ ਹੀ ਉਸ ਤੇ ਗੁਰੂ ਦੀ ਪ੍ਰਵਾਨਗੀ ਦੀ ਛਾਪ ਲਗ ਸਕਦੀ ਹੈ।

ਇਸੇ ਦਾ ਹੀ ਸਿੱਟਾ ਹੁੰਦਾ ਕਿ ਅਵਲ ਤਾਂ ਸਿਖਾਂ ਨੂੰ ਹਰ ਟਾਕਰੇ ਤੇ ਪੂਰੀ ਕਾਮਯਾਬੀ ਹਾਸਲ ਹੋਂਦੀ, ਪਰ ਜੇ ਕਦੀ ਇਉਂ ਨਾ ਵੀ ਹੁੰਦਾ, ਜਿਵੇਂ ਕਿ ਘਲੂਘਾਰਿਆਂ ਦੇ ਸਮੇਂ ਹੋਇਆ, ਤਾਂ ਸਿਖੀ ਦੀ ਚੜ੍ਹਦੀ ਕਲਾ ਦਾ ਆਦਰਸ਼ ਜ਼ਰੂਰ ਕਾਇਮ ਰਹਿੰਦਾ। ਇਸ ਉਚੇ ਆਦਰਸ਼ ਦਾ ਸਿਟਾ ਸੀ ਕਿ ਕੁਪ ਰਹੀੜੇ ਦੇ ਮੈਦਾਨ ਤੇ ਵਡੇ ਘਲੂਘਾਰੇ ਸਮੇਂ ਵੀ ਥੋੜ੍ਹੇ ਸਿਖ ਜੋ ਬਚ ਰਹੇ, ਡਿਗੇ ਡੋਲੇ (Demoralise) ਨਹੀਂ ਬਲਕਿ ਆਪਣੀ ਚੜ੍ਹਦੀ ਕਲਾ ਦਾ ਸਬੂਤ ਉਹਨਾਂ ਇਹ ਕਹਿ ਕੇ ਦਿਤਾ ਕਿ ਸਾਰੀ ਵਸਤੂ ਹਾਲਾਂ ਕਾਇਮ ਹੈ।

ਅਸਾਂ ਇਸ ਚੜ੍ਹਦੀ ਕਲਾ ਵਾਲੀ ਪ੍ਰਣਾਲੀ ਨੂੰ ਛਡ ਕੇ ਕਹੀ ਜਾਂਦੀ ਡੈਮੋਕ੍ਰੇਟਿਕ ਧਾਰਾ ਨੂੰ ਅਪਣਾਅ ਲਿਆ ਹੈ, ਜਿਸ ਨੇ ਨਾ ਸਿਰਫ ਸਾਡੀ ਹਉਮੈ ਨੂੰ ਬਲਵਾਨ ਕਰ ਕੇ ਸਾਡੀ ਸਰਬੱਤ ਖਾਲਸਾ ਵਾਲੀ ਸਥਿਤੀ ਦਾ ਭੋਗ ਪਾ ਦਿਤਾ ਹੈ ਅਤੇ ਸਾਨੂੰ ਕਈ ਧੜਿਆਂ ਵਿਚ ਵੰਡ ਰਖਿਆ ਹੈ, ਬਲਕਿ ਨਿਜੀ ਚੋਧਰ ਜਾਂਦੇ ਵੇਖ ਅਸੀਂ ਵਿਰੋਧੀ ਖਿਆਲ ਰਖਣ ਵਾਲਿਆਂ ਨਾਲ ਜੁਤੀਓਂ ਜੁੱਤੀ ਹੋਣ ਤਕ ਉਤਰ ਆਏ ਹਾਂ ਅਤੇ ਲੋਕਾਂ ਦੇ ਠਠੇ ਦਾ ਨਿਸ਼ਾਨਾ ਬਣ ਗਏ ਹਾਂ।

ਅਜਿਹੀ ਦਸ਼ਾ ਅੰਦਰ ਸੰਭਲ ਸਕਣ ਦਾ ਇਕ ਰਸਤਾ ਖਾਲਸਈ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਵਿਚ ਹੈ, ਜਿਸ ਦੇ ਲਈ ਮੁੱਖ ਗੱਲਾਂ ਹਨ :—

੧. ਗੁਰੂ ਪਰ ਸ਼ਰਧਾ ਅਤੇ ਗੁਰੂ ਮੂਹਰੇ ਕੀਤੀ ਅਰਦਾਸ ਦੀ ਪਾਲਣਾ ਕਰਨਾ।

੨. ਸੰਗਤ ਦੀ ਪ੍ਰਧਾਨਤਾ।

੩. ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ, ਮਾਨਤਾ ਅਤੇ ਪ੍ਰਧਾਨਤਾ।

੪. ਗੁਰਮਤਾ ਪ੍ਰਣਾਲੀ ਦੀ ਮਾਨਤਾ।

੫. ਪੰਜ ਪਿਆਰਿਆਂ ਦੀ (collective leadership) ਤੇ ਵਿਸ਼ਵਾਸ।

ਗੁਰੂ ਪਰ ਸ਼ਰਧਾ ਹਰ ਸਿੱਖ ਦਾ ਨਿਜੀ ਗੁਣ ਹੈ ਅਤੇ ਇਸ ਦਾ ਵਧ ਘਟ ਹੋਣਾ ਉਸ ਦੀ ਨਿਜੀ ਭਾਵਨਾ ਤੇ ਨਿਰਭਰ ਹੁੰਦਾ ਹੈ, ਜਦੋਂ ਕਿ ਅਰਦਾਸ ਭਾਵੇਂ ਹਰ ਮਨੁਖ ਨਿਜੀ ਤੌਰ ਤੇ ਵੀ ਕਰਦਾ ਹੈ, ਪਰੰਤੂ ਇਸ ਦਾ



www.AKJ.Org

ਸੰਗਤੀ ਪਖ ਵੀ ਹੈ। ਸੰਗਤ ਵਲੋਂ ਕੀਤੀ ਗਈ ਅਰਦਾਸ ਨੂੰ ਵਧੇਰੇ ਮਹੱਤਵ-ਪੂਰਨ ਸਮਝਿਆ ਜਾਂਦਾ ਹੈ, ਨਾ ਕੇਵਲ ਇਸ ਲਈ ਕਿ ਇਹ ਬਹੁਤਿਆਂ ਦੀ ਅਰਜ਼ੋਈ ਹੈ ਬਲਕਿ ਇਸ ਲਈ ਕਿ ਸੰਗਤੀ ਅਰਦਾਸ ਅੰਦਰ ਕੀਤੇ ਬਚਨ (commitment) ਅਥਵਾ ਗੁਰੂ ਘਰ ਮੂਹਰੇ ਦੇ ਬਚਨਾਂ ਵਿਚ ਉਹ ਸਾਰੇ ਲੋਕ, ਜੋ ਅਰਦਾਸ ਵਿਚ ਸ਼ਾਮਲ ਹੁੰਦੇ ਹਨ, ਇਕ ਦੂਜੇ ਦੇ ਸਾਖੀ ਜਾਂ ਗਵਾਹ (witness) ਬਣ ਜਾਂਦੇ ਹਨ ਅਤੇ ਕੋਈ ਮਨੁਖ ਕੀਤੀ ਅਰਦਾਸ ਤੋਂ ਮੁਕਰ ਨਹੀਂ ਸਕਦਾ। ਸਿਖ ਪਰੰਪਰਾ ਅੰਦਰ ਹਰ ਕੰਮ ਦੇ ਅਰੰਭ ਵਿਚ ਸੰਗਤਾਂ ਦੀ ਅਰਦਾਸ ਦਾ ਮਹੱਤਵ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਜਦੋਂ ਵੀ ਗੁਰਦਵਾਰਿਆਂ ਜਾਂ ਹੋਰ ਸਿਖ ਆਸ਼ਰਮਾਂ ਸਬੰਧੀ ਕੋਈ ਗੱਲ ਕਰਨਾ ਲੋੜਦੇ ਹਾਂ ਤਾਂ ਸਾਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਨੀ ਜ਼ਰੂਰੀ ਹੈ ਕਿ ਅਸੀਂ ਜੋ ਕੁਝ ਇਸ ਸਮੇਂ ਕਰਾਂਗੇ ਉਹ ਗੁਰੂ ਨੂੰ ਹਾਜ਼ਰ ਨਾਜ਼ਰ ਜਾਣਦੇ ਹੋਏ ਪੰਥ ਤਥਾ ਸਰਬੱਤ ਆਸ਼ਰਮਾਂ ਦੇ ਭਲੇ ਲਈ ਕਰਾਂਗੇ।

ਦੂਜੀ ਗੱਲ ਸੰਗਤ ਦੀ ਪ੍ਰਧਾਨਤਾ ਦੀ ਹੈ। ਇਸ ਨੁਕਤੇ ਤੇ ਕੁਝ ਕਹਿਣ ਤੋਂ ਪਹਿਲੋਂ ਮੈਂ ਗੁਰਦਵਾਰਿਆਂ ਤਥਾ ਪੰਥਕ ਆਸ਼ਰਮਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡ ਕੇ ਹਰ ਇਕ ਸਬੰਧੀ ਵਖੋ ਵਖ ਵਿਚਾਰ ਪੇਸ਼ ਕਰਾਂਗਾ। ਇਹ ਦੋ ਸ਼੍ਰੇਣੀਆਂ ਹਨ—

੧. ਪਹਿਲੀ ਉਨ੍ਹਾਂ ਗੁਰਦਵਾਰਿਆਂ ਦੀ ਸ਼੍ਰੇਣੀ ਹੈ ਜੋ ਥਾਉਂ ਥਾਈਂ ਸਥਾਨ ਦੀ ਲੋੜ ਅਨੁਸਾਰ ਅਸਾਂ ਆਪੋ ਆਪ ਕਾਇਮ ਕੀਤੇ ਹੋਏ ਹਨ ਤੇ ਜੋ ਹਰ ਥਾਂ ਦੀਆਂ ਨਿਜੀ ਲੋੜਾਂ ਨਾਲ ਸਬੰਧਤ ਹਨ। ਇਸ ਸ਼੍ਰੇਣੀ ਵਾਲੇ ਗੁਰਦਵਾਰੇ ਆਮ ਤੌਰ ਤੇ ਸਿੰਘ ਸਭਾਵਾਂ ਜਾ ਹੋਰ ਨਾਵਾਂ ਵਾਲੀਆਂ ਲੋਕਲ ਕਮੇਟੀਆਂ ਦੇ ਪ੍ਰਬੰਧ ਵਿਚ ਹਨ। ਇਨ੍ਹਾਂ ਸਭਾਵਾਂ ਤਥਾ ਕਮੇਟੀਆਂ ਦਾ ਹਰ ਮੈਂਬਰ ਕੁਝ ਵਿਸ਼ੇਸ਼ ਰਕਮ ਬਤੌਰ ਸਾਲਾਨਾ ਜਾਂ ਜੀਵਨ ਪਰਯੰਤ ਇਕੋ ਵਾਰ ਅਦਾ ਕਰ ਕੇ ਸਦਾ ਲਈ ਵੋਟਰ ਹੋਣ ਦਾ ਹਕ ਖਰੀਦ ਲੈਂਦਾ ਹੈ, ਅਤੇ ਇਸੇ ਅਧਾਰ ਤੇ ਸਭਾ ਦਾ ਅਹੁਦੇ-ਦਾਰ ਜਾਂ ਐਗਜ਼ੈਕਟਿਵ ਦਾ ਮੈਂਬਰ ਬਣਨ ਲਈ ਚੋਣ ਤੇ ਰਣ-ਖੇਤਰ ਵਿਚ ਦਾਖ਼ਲ ਹੁੰਦਾ ਹੈ, ਜਿਥੇ ਉਸ ਦੀ ਅਤੇ ਉਸ ਵਾਂਗ ਹੋਰ ਕਈਆਂ ਦੀ ਦੌੜ ਭਜ ਤੇ ਟੱਕਰ ਸ਼ੁਰੂ ਹੋ ਜਾਂਦੀ ਹੈ, ਜੋ ਸਭਾ ਨੂੰ ਧੜਿਆਂ ਵਿਚ ਵੰਡ ਦੇਂਦੀ ਹੈ। ਇਹ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਅਜਿਹੇ ਵੋਟਰ ਕੇਵਲ ਚੋਣ ਵਾਲੇ ਦਿਨ ਹੀ ਗੁਰਦਵਾਰੇ ਨਜ਼ਰ ਆਉਂਦੇ ਹਨ ਤੇ ਗੁਰਦਵਾਰੇ ਦੇ ਨਿਤਾ-ਪ੍ਰਤੀ ਕੰਮਾਂ ਕਾਰਾਂ ਵਿਚ ਜਾਂ ਸੰਗਤ ਰੂਪ ਵਿਚ ਕਦੇ ਗੁਰਦੁਆਰੇ ਨਹੀਂ ਆਉਂਦੇ। ਵੋਟਰ ਹੋਣ ਦਾ ਅਜਿਹਾ ਖਰੀਦਿਆ ਹਕ ਸਾਰੀ ਬਿਪਤਾ ਦੀ ਜੜ੍ਹ ਹੈ। ਇਸ ਲਈ ਨਵੇਂ ਤਜਵੀਜ਼ ਕੀਤੇ ਪ੍ਰਬੰਧ 'ਚ ਪਹਿਲੀ ਗੱਲ ਪੈਸੇ ਦੇ ਕੇ ਵੋਟ ਹਾਸਲ ਕਰਨ ਵਾਲੇ ਢੰਗ ਨੂੰ ਖਤਮ ਕਰਨ ਦੀ ਹੈ। ਹੁਣ ਸਵਾਲ ਪੈਦਾ ਹੋਵੇਗਾ ਕਿ ਜਦੋਂ ਕਿਸੇ ਸਭਾ ਦੀ ਮੈਂਬਰਸ਼ਿਪ ਹੀ ਨਾ ਰਹੀ ਤਾਂ ਪ੍ਰਬੰਧ ਕੌਣ ਕਰੇਗਾ। ਇਸ ਦਾ ਉੱਤਰ ਗੁਰਦੁਆਰੇ ਦੀ ਹਾਜ਼ਰੀ ਭਰਨ ਵਾਲੀ ਸੰਗਤ ਹੈ। ਪ੍ਰਬੰਧਕ ਨਿਸ਼ਚਿਤ ਕਰਨ ਦਾ ਦਿਨ ਮਿਥ ਕੇ, ਇਲਾਕੇ ਜਾਂ ਮਹੱਲੇ ਵਿਚ ਇਸ ਬਾਰੇ ਖ਼ਬਰ ਦਿੱਤੀ ਜਾਵੇ। ਨੀਯਤ ਸਮੇਂ ਜਦੋਂ ਸੰਗਤ ਜੁੜੇ ਤਾਂ ਕੋਈ ਸੂਝਵਾਨ ਸੱਜਣ ਪ੍ਰਭਾਵਸ਼ਾਲੀ ਸ਼ਬਦਾਂ ਦੁਆਰਾ ਸੰਗਤ ਦੇ ਜੁੜਨ ਦਾ ਮੰਤਵ ਅਤੇ ਇਸ ਦੀ ਅਹਿਮੀਅਤ ਦੱਸੇ ਅਤੇ ਉਸ ਦਿਨ ਹੋਣ ਵਾਲੀ ਅਰਦਾਸ ਦੀ ਮਹੱਤਤਾ ਅਤੇ ਹਾਜ਼ਰ ਹੋਏ ਹਰ ਸੱਜਣ ਦੀ ਇਸ ਪਰਥਾਏ ਜ਼ਿੰਮੇਵਾਰੀ, ਅਤੇ ਉਸ ਦੀ ਜੋ ਉਸ ਨੇ ਸਤਿਗੁਰੂ ਦੇ ਹਜ਼ੂਰ ਅਰਦਾਸ ਦੁਆਰਾ ਕਰਨੀ ਹੈ, ਸਾਰਿਆਂ ਨੂੰ ਦ੍ਰਿੜ੍ਹ ਕਰਾਏ। ਉਪਰੰਤ ਅਰਦਾਸ ਸੋਧੀ ਜਾਵੇ ਅਤੇ ਹੁਕਮ ਲਿਆ ਜਾਵੇ। ਸਟੇਜ-ਸਕੱਤਰ ਸੰਗਤ ਵਿਚੋਂ ਅੰਮ੍ਰਿਤਧਾਰੀ ਰਹਿਤਵਾਨ ਯੋਗ ਸਜਨਾਂ ਦੇ ਪੰਜ ਨਾਮ ਇਕ ਇਕ ਕਰਕੇ ਤਜਵੀਜ਼ ਕਰਨ ਦੀ ਮੰਗ ਕਰੇ। ਕੋਸ਼ਿਸ਼ ਇਹ ਹੋਵੇ ਕਿ ਇਹ ਪੰਜ ਸਜਣ ਸਾਰੀ ਸੰਗਤ ਦੀ ਸੰਮਤੀ ਨਾਲ ਨਾਮਜ਼ਦ ਹੋਣ। ਪਰੰਤੂ ਜੇ ਕੋਈ ਸਜਣ ਛੇਵਾਂ, ਸਤਵਾਂ ਜਾਂ ਹੋਰ ਵਧੇਰੇ ਨਾਮ ਤਜਵੀਜ਼ ਕਰਨ ਤਾਂ ਸਾਰੇ ਨਾਮ ਨੋਟ ਕਰ ਲਏ ਜਾਣ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਇਨ੍ਹਾਂ ਨਾਵਾਂ ਵਿਚੋਂ ਪੰਜ ਸਜਣਾਂ ਦੀ ਪ੍ਰਵਾਨਗੀ ਲੈਣ ਲਈ, ਅਰਦਾਸਾ ਸੋਧ ਕੇ ਇਨ੍ਹਾਂ ਨਾਵਾਂ ਦੀਆਂ ਪਰਚੀਆਂ ਪਾ ਲਈਆਂ



www.AKJ.Org

ਜਾਣ ਅਤੇ ਪੰਜ ਸਜਣ ਚੁਣ ਲਏ ਜਾਣ।

ਹੁਣ ਇਹ ਪੰਜ ਗੁਰੂ ਗਰੰਥ ਸਾਹਿਬ ਦੀ ਤਾਬਿਆ ਸਮੂਹ ਸਾਧ ਸੰਗਤ ਵਲੋਂ ਗੁਰਦੁਆਰਾ ਪ੍ਰਬੰਧ ਦੇ ਕਰਤਾ ਧਰਤਾ ਪ੍ਰਵਾਨ ਕਰ ਲਏ ਜਾਣ। ਆਪਣੀ ਮਦਦ ਲਈ ਇਹ ਪੰਜ, ਵਖ-ਵਖ ਵਿਸ਼ਿਆਂ ਸਬੰਧੀ ਵਿਸ਼ੇਸ਼ ਸਲਾਹਕਾਰ ਕਮੇਟੀਆਂ ਬਣਾ ਲੈਣ, ਜਿਸ ਨੂੰ ਚਾਹੁਣ ਗੁਰੂ ਘਰ ਦੀ ਸੇਵਾ ਲਈ ਨਿਯੁਕਤ ਕਰਨ ਅਤੇ ਜਿਸ ਨੂੰ ਜਦੋਂ ਚਾਹੁਣ ਸੇਵਾ ਤੋਂ ਮੁਕਤ ਕਰ ਦੇਣ। ਗੁਰਦੁਆਰਾ ਪੱਧਰ ਤੇ ਹਰ ਮਸਲੇ ਦੀ ਜ਼ਿੰਮੇਦਾਰੀ ਇਨ੍ਹਾਂ ਪੰਜਾਂ ਦੇ ਸਿਰ ਹੋਵੇ ਅਤੇ ਗੁਰਦੁਆਰਾ ਪੱਧਰ ਦੇ ਹਰ ਮਾਮਲੇ ਦਾ ਇਨ੍ਹਾਂ ਪੰਜਾਂ ਦਾ ਫ਼ੈਸਲਾ ਗੁਰੂ ਦਾ ਹੁਕਮ ਸਮਝ ਕੇ ਮੰਨ ਲਿਆ ਜਾਵੇ। ਸੰਗਤਾਂ ਨੂੰ ਪੂਰਾ ਹੱਕ ਹੈ ਕਿ ਗੁਰਦੁਆਰਾ ਪ੍ਰਬੰਧ ਸਬੰਧੀ ਚੰਗੇ ਚੰਗੇ ਸੁਝਾਉ ਪੰਜਾਂ ਨੂੰ ਪੇਸ਼ ਕਰਨ ਅਤੇ ਉਨ੍ਹਾਂ ਵਲੋਂ ਦਿਤੀ ਕਿਸੇ ਡਿਊਟੀ ਨੂੰ ਖਿੜੇ ਮੱਥੇ ਉਨ੍ਹਾਂ ਦੀ ਵਿਉਂਤ ਅਨੁਸਾਰ ਨਿਭਾਉਣ। ਸੰਗਤ ਦੇ ਕਿਸੇ ਮੈਂਬਰ, ਮੈਂਬਰਾਂ, ਪੰਚਾਂ ਦੇ ਕਿਸੇ ਮਤਭੇਦ ਦਾ ਆਖ਼ਰੀ ਫ਼ੈਸਲਾ ਇਨ੍ਹਾਂ ਦੇ ਹੱਥ ਹੋਵੇ। ਪੰਚ ਹਰ ਫ਼ੈਸਲਾ ਪੰਚਾਂ ਦੇ ਗੁਰਮਤੇ ਨਾਲ ਕਰਨ। ਪੰਚ ਕਮੇਟੀ ਦੀ ਮਿਆਦ ਪੰਜ ਸਾਲ ਹੋਵੇ ਅਤੇ ਹਰ ਪੰਜਵੇਂ ਸਾਲ ਉਕਤ ਤਰੀਕੇ ਨਾਲ ਅਗਲੇਰੇ ਪੰਜ ਸਾਲਾਂ ਲਈ ਕਮੇਟੀ ਚੁਣੀ ਜਾਂਦੀ ਰਹੇ। ਅਜਿਹੇ ਪ੍ਰਬੰਧ ਨੂੰ ਹੋਰ ਬਲ ਦੇਣ ਅਤੇ ਸਕੇਂਦਰਤ (Centralise) ਕਰਨ ਲਈ ਇਕ ਸ਼ਹਿਰ, ਹਲਕੇ ਜਾਂ ਬਲਾਕ ਅੰਦਰ ਦੇ ਸਾਰੇ ਗੁਰਦੁਆਰਿਆਂ ਦੇ ਚੁਣੇ ਪੰਚ ਇਕੱਠੇ ਹੋ ਕੇ ਉਪਰ ਦਰਜ ਜੁਗਤ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸ ਸੋਧ ਕੇ ਆਪਣੇ ਵਿਚੋਂ ਪੰਜ ਸਿੰਘ ਚੁਣ ਲੈਣ। ਇਸ ਤਰ੍ਹਾਂ ਥਾਉਂ ਥਾਈਂ ਸ਼ਹਿਰਾਂ, ਹਲਕਿਆਂ ਤੇ ਬਲਾਕਾਂ ਵਿਚੋਂ ਆਏ ਪੰਜ ਪੰਜ ਸਿੰਘ ਮੁੜ ਇਕੱਠੇ ਹੋਣ ਅਤੇ ਪਹਿਲੋਂ ਜ਼ਿਲੇ-ਵਾਰ ਤੇ ਫਿਰ ਪ੍ਰਾਂਤ-ਵਾਰ ਪੰਜ ਪਰਧਾਨ ਜਾਂ ਪੰਜ ਪਿਆਰੇ ਚੁਣਨ, ਜੋ ਸਭ ਥਾਈਂ ਇਕੋ ਸਿਖ ਮਰਯਾਦਾ ਚਾਲੂ ਕਰਾਉਣ ਅਤੇ ਹੋਰ ਸਿਖ ਰਹੁ-ਰੀਤਾਂ ਨੂੰ ਸਿੱਖ (ideolgy ਅਤੇ tradition) ਵਿਚਾਰਧਾਰਾ ਤੇ ਪਰੰਪਰਾ ਅਨੁਕੂਲ ਕਰਾਉਣ ਤੇ ਚਲਾਉਣ ਲਈ ਜ਼ਿਮੇਵਾਰ ਹੋਣ। ਇਸ ਢੰਗ ਦੇ ਸਫ਼ਲ ਹੋਣ ਦੀ ਸੰਭਾਵਨਾ ਨੂੰ ਜਾਚਣ ਲਈ ਚੰਡੀਗੜ੍ਹ ਜੈਸੇ ਸ਼ਹਿਰ ਜਾਂ ਕਿਸੇ ਹੋਰ ਵਿਸ਼ੇਸ਼ ਸਥਾਨ ਤੇ, ਜਿਥੋਂ ਦੇ ਵਸਨੀਕ ਵਰਤਮਾਨ ਢੰਗਾਂ ਦੇ ਗੁਣ ਔਗੁਣਾਂ ਦੀ ਸੂਝ ਰਖਦੇ ਹੋਣ, ਇਸ ਢੰਗ ਨੂੰ ਚਾਲੂ ਕੀਤਾ ਜਾਵੇ।

੨. ਦੂਜੀ ਸ਼ਰੇਣੀ, ਇਤਿਹਾਸਕ ਗੁਰਦੁਆਰਿਆਂ ਦੀ ਹੈ, ਜੋ ਸਮੁਚੀ ਸਿੱਖ ਕੌਮ ਦੇ, ਭਾਵੇਂ ਉਹ ਪੰਜਾਬ ਅੰਦਰ ਵਸਦੇ ਹਨ, ਪੰਜਾਬ ਤੋਂ ਬਾਹਰ ਕਿਸੇ ਹੋਰ ਭਾਰਤੀ ਪ੍ਰਾਂਤ ਵਿਚ ਜਾਂ ਹੋਰ ਮੁਲਕਾਂ ਵਿਚ ਰਹਿੰਦੇ ਹਨ, ਦੇ ਸਾਂਝੇ ਹਨ। ਅਜਿਹੇ ਇਤਿਹਾਸਕ ਗੁਰਦੁਆਰਿਆਂ ਵਿਚ ਉਹ ਸਾਰੇ ਗੁਰਦੁਆਰੇ ਵੀ ਆਉਣਗੇ ਜਿਨ੍ਹਾਂ ਉਪਰ ਪੰਜਾਬ ਅਤੇ ਦਿੱਲੀ ਦੇ ਗੁਰਦੁਆਰਿਆਂ ਸਬੰਧੀ ਸਰਕਾਰੀ ਐਕਟ ਲਾਗੂ ਹਨ ਜਾਂ ਜੋ ਹੋਰ ਪ੍ਰਾਂਤਕ ਐਗਜ਼ੈਕਟਿਵ ਦੇ ਹੁਕਮਾਂ ਅਧੀਨ ਸੰਭਾਲੇ ਜਾ ਰਹੇ ਹਨ।

ਇਨ੍ਹਾਂ ਦੇ ਪ੍ਰਬੰਧ ਸਬੰਧੀ ਭੀ ਸੰਗਤ ਦੀ ਪ੍ਰਧਾਨਤਾ ਨੂੰ ਮੰਨਣਾ ਚਾਹੀਦਾ ਹੈ। ਪਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਸੰਗਤ ਤਾਂ ਹਰ ਸਿੱਖ ਵਸੋਂ ਵਾਲੇ ਥਾਂ ਹੋਵੇਗੀ ਤਾਂ ਅਜਿਹੀਆਂ ਬੇ-ਸ਼ੁਮਾਰ ਸੰਗਤਾਂ ਵਿਚੋਂ ਕਿਹੜੀ ਸੰਗਤ ਨੂੰ ਪ੍ਰਧਾਨ ਮੰਨ ਕੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਵਾਲੀ ਵਿਉਂਤ ਅਪਣਾਈ ਜਾਵੇ।

ਇਸ ਲਈ ਕੋਈ ਆਖ਼ਰੀ ਗੱਲ ਕਰਨੀ ਤਾਂ ਭਾਵੇਂ ਮੁਸ਼ਕਲ ਹੈ, ਪਰ ਜੇਕਰ ਅਸੀਂ ਸਿੱਖ ਪਰੰਪਰਾ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਿੱਖ ਸੰਗਤ ਦੇ ਮਹੱਤਵ ਅਤੇ ਗੁਰਮਤੇ ਦੀ ਪ੍ਰਥਾ ਨੂੰ ਸਵੀਕਾਰ ਕਰ ਲਈਏ ਤਾਂ ਅਸੀਂ ਪੰਜ ਪ੍ਰਧਾਨੀ ਪ੍ਰਣਾਲੀ ਨੂੰ ਸੁਜੀਵਤ ਕਰ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਿਰੂਪੇ ਗੁਰੂ ਖਾਲਸਾ ਪੰਥ ਦੀ ਹੋਂਦ ਨੂੰ ਉਜਾਗਰ ਕਰ ਸਕਦੇ ਹਾਂ।

ਉਹ ਇਸ ਤਰ੍ਹਾਂ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਲੋਂ ਦੁਨੀਆ ਭਰ ਦੀਆਂ ਸਮੂਹ ਸਿੱਖ ਸੰਗਤਾਂ, ਸੰਸਥਾਵਾਂ ਤੇ ਸਿੱਖ ਆਸ਼ਰਮਾਂ ਦੇ ਨਾਮ ਹੁਕਮਨਾਮਾ ਜਾਰੀ ਕੀਤਾ ਜਾਵੇ। ਜਿਸ ਅਸਥਾਨ ਜਾਂ ਇਲਾਕੇ ਵਿਚ ਕੋਈ ਸੰਸਥਾ ਨਹੀਂ, ਜਿਹੋ ਜਿਹੀ ਹਾਲਤ ਆਮ ਤੌਰ ਤੇ ਪਿੰਡਾਂ ਵਿਚ ਹੈ, ਉਸ ਇਲਾਕੇ ਵਿਚੋਂ ਸਰਕਲ ਜਾਂ ਕਸਬੇ ਦੇ ਸਿੱਖ ਆਪਣੇ ਇਲਾਕੇ ਦੀ ਸੰਗਤ ਦਾ ਵਿਸ਼ੇਸ਼ ਇਕੱਠ ਬੁਲਾ ਲੈਣ, ਫੇਰ ਹੁਕਮਨਾਮੇ ਅਨੁਸਾਰ ਹਰ



www.AKJ.Org

ਅਜਿਹੀ ਸੰਸਥਾ, ਆਸ਼ਰਮ ਜਾਂ ਸੰਗਤ ਦਾ ਇਕੱਠ ਸ੍ਰੀ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਅਰਦਾਸ ਕਰੇ ਕਿ ਇਸ ਇਕੱਤਰਤਾ ਦੀ ਕਾਰਵਾਈ ਉਹ ਨਿਰਪਖ ਹੋ ਕੇ ਅਤੇ ਹਰ ਤਰ੍ਹਾਂ ਨਿਜੀ ਲੋਭ ਲਾਲਚ ਤੋਂ ਉਪਰ ਉਠ ਕੇ ਕਰਨਗੇ। ਉਪਰੰਤ ਉਹ ਸਰਬ-ਸੰਮਤੀ ਨਾਲ ਪੰਜ ਐਸੇ ਤਿਆਰ ਬਰ ਤਿਆਰ ਗੁਰਸਿੱਖ ਚੁਨਣ ਜੋ 'ਪੂਰਨ ਜੋਤਿ ਜਗੈ ਘਟ ਮਹਿ' ਦੀ ਕਸਵਟੀ ਉਪਰ ਪੂਰੇ ਉਤਰ ਸਕਦੇ ਹੋਣ, ਨਾਮ-ਅਧਾਰੀ ਜੀਵਨ ਵਾਲੇ ਹੋਣ, ਖਾਲਸਈ ਰਹਿਤ ਮਰਯਾਦਾ ਦੇ ਧਾਰਨੀ ਅਤੇ ਅੰਮ੍ਰਿਤਧਾਰੀ ਸਿੰਘ ਹੋਣ, ਦੇਸ਼ ਅਤੇ ਪ੍ਰਦੇਸ਼ ਦੀਆਂ ਸਿੱਖ ਸੰਬੰਧਤ ਸਮਸਿਆਵਾਂ ਦੇ ਗਿਆਤਾ ਹੋਣ ਅਤੇ ਕਿਸੇ ਰਾਜਸੀ ਤੇ ਸਮਾਜਿਕ ਧੜੇ ਤੋਂ ਬੇਲਾਗ ਰਹਿੰਦੇ ਹੋਏ ਪੰਥ-ਭਲਾਈ ਹਿਤ ਜਤਨ-ਸ਼ੀਲ ਰਹਿਣ ਵਾਲੇ ਹੋਣ। ਇਹ ਜ਼ਰੂਰੀ ਨਹੀਂ ਕਿ ਚੁਣੇ ਜਾਣ ਵਾਲਾ ਸਜਣ ਉਸ ਸੰਸਥਾ, ਆਸ਼ਰਮ ਜਾਂ ਇਕੱਠ ਵਿਚ ਸ਼ਾਮਲ ਹੋਵੇ ਜਾਂ ਮੈਂਬਰ ਹੋਵੇ। ਇਸ ਲਈ ਉਮੀਦਵਾਰ ਨੂੰ ਕੋਈ ਪੱਤਰ ਭਰਨ ਦੀ ਲੋੜ ਨਹੀਂ। ਕਿਉਂਕਿ ਆਪ ਹੀ ਪੱਤਰ ਭਰ ਕੇ, ਚੋਣ ਹਿਤ, ਉਮੀਦਵਾਰ ਬਨਣਾ, ਆਪਣੇ ਆਪ ਵਿਚ ਹੀ ਘਟੀਆ ਦਰਜੇ ਦੀ ਜ਼ਿਹਨੀਅਤ ਅਤੇ ਨਿਜੀ ਪ੍ਰਭਤਾ ਪ੍ਰਾਪਤ ਕਰਨ ਦੀ ਲਾਲਸਾ ਦਾ ਸੂਚਕ ਹੈ। ਇਹ ਭੀ ਜ਼ਰੂਰੀ ਨਹੀਂ ਕਿ ਚੁਣੇ ਜਾਣ ਵਾਲਾ ਸਜਣ ਉਸ ਦੇਸ਼, ਪ੍ਰਾਂਤ, ਸ਼ਹਿਰ ਜਾਂ ਇਲਾਕੇ ਦਾ ਹੋਵੇ, ਜਿੱਥੋਂ ਦੀ ਸੰਗਤ ਉਸ ਨੂੰ ਚੁਣ ਰਹੀ ਹੈ।

## ਮੇਰੇ ਪ੍ਰੀਤਮ ਪਿਆਰੇ !

[ਭਾਈ ਹਰਮਿੰਦਰ ਸਿੰਘ ਜੀ ਹੁਸ਼ਿਆਰਪੁਰ]

ਮੇਰੇ ਪ੍ਰੀਤਮ ਪਿਆਰੇ,
ਮੇਰੇ ਪ੍ਰਾਨ ਅਧਾਰੇ,
ਤੁਸੀਂ ਬਖ਼ਸ਼ਣ ਹਾਰੇ
ਹੋ ਅਵਗੁਣ ਸਾਰੇ
ਦਰਸ ਦਿਖਾਵਹੁ ਜੀ।੧।

ਪਏ ਤਰਸਨ ਨੈਨ,
ਇਹੁ ਮਨ ਬੇਚੈਨ,
ਨਹੀਂ ਬੀਤਦੀ ਰੈਨ,
ਕਰ ਦੇਵਹੁ ਰਹਿਮ,
ਨ ਤਰਸਾਵਹੁ ਜੀ।੨।

ਹਉਂ ਖਰੀ ਦੁਹੇਲੀ,
ਕੋਈ ਮਿਤਰ ਨ ਬੇਲੀ,
ਤੇਰੇ ਦਰਸ਼ਨ ਲੋਚੇ,
ਇਹ ਜਿੰਦ ਇਕੇਲੀ,
ਬਿਲਮ ਨ ਲਾਵਹੁ ਜੀ।੩।

ਮੈਂ ਗੁਣ ਨਹੀਂ ਕੋਈ,
ਨਹੀਂ ਮਿਲਦੀ ਢੋਈ,
ਦੁਖਿਆਰਨ ਹੋਈ,
ਹਉਂ ਤੁਧ ਵਿਣ ਮੋਈ,
ਚਰਨੀਂ ਲਾਵਹੁ ਜੀ।੪।

ਹਉਂ ਮਾਇਆ ਮਾਤੀ,
ਅਤ ਲੋਭ ਲੁਭਾਤੀ,
ਇਕ ਗੁਣ ਨਹੀਂ ਜਾਤੀ,
ਬਿਖਿਆ ਮਹਿ ਰਾਤੀ,
ਰੋਗ ਮਿਟਾਵਹੁ ਜੀ।੫।

ਨ ਅਵਗੁਣ ਤਕਹੁ,
ਮੰਦ ਕਰਮ ਨਾ ਲਖਹੁ,
ਚਰਨਾਂ ਵਿਚ ਰਖਹੁ,
ਸਦ ਪੜਦੇ ਢਕਹੁ,
ਬਖਸ਼ ਮਿਲਾਵਹੁ ਜੀ।੬।

ਕਈ ਜਨਮ ਬਤੀਤੇ,
ਬਿਨ ਦਰਸ਼ਨ ਕੀਤੇ,
ਵਸ ਜਾਵਹੁ ਚੀਤੇ,
ਇਹ ਭਲੀਆ ਰੀਤੇ,
ਅੰਚਲ ਲਾਵਹੁ ਜੀ।੭।

ਆਵਹੁ ਜੀ ਆਵਹੁ,
ਹਿਰਦੇ ਵਸ ਜਾਵਹੁ,
ਮਨ ਪਿਆਸ ਬੁਝਾਵਹੁ,
ਪਿਰ ਛੋਡ ਨ ਜਾਵਹੁ,
ਨਾਮ ਜਪਾਵਹੁ ਜੀ।੮।



www.AKJ.Org

# ਤਿਆਗ ਕੀ ਹੈ ?

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ]

ਹਿੰਦੂ ਮਤ ਅਨੁਸਾਰ ਸੰਸਾਰ ਦਾ ਤਿਆਗ ਆਤਮਕ ਪ੍ਰਾਪਤੀ ਦੇ ਸਾਧਨਾਂ ਵਿਚੋਂ ਇਕ ਸਾਧਨ ਹੈ। ਤਾਹੀਓਂ ਉਸ ਮਤ ਦੇ ਕਈ ਜਗਿਆਸੂ ਘਰ-ਬਾਰ ਛਡ ਕੇ ਤਪੱਸਿਆ ਕਰਨ ਲਈ ਜੰਗਲਾਂ ਵਿਚ ਚਲੇ ਜਾਂਦੇ ਹਨ। ਸਿਖ ਧਰਮ ਇਸ ਰਸਤੇ ਨੂੰ ਸਵੀਕਾਰ ਨਹੀਂ ਕਰਦਾ, ਕਿਉਂਕਿ ਕਲਜੁਗ ਵਿਚ ਤਿਆਗ ਦਾ ਇਹ ਸਾਧਨ ਅਮਲ ਵਿਚ ਨਹੀਂ ਆ ਸਕਦਾ। ਜੇ ਧਰਮੀ ਪੁਰਸ਼ ਪਹਾੜਾਂ ਤੇ ਜੰਗਲਾਂ ਵਿਚ ਰਹਿਣ ਲਗ ਪੈਣ ਅਤੇ ਨਿਤ ਦੀਆਂ ਸਮੱਸਿਆਵਾਂ ਨੂੰ ਸੁਲਝਾਣ ਵਿਚ ਸਹਾਈ ਨਾ ਹੋਣ ਤਾਂ ਇਸ ਤਰ੍ਹਾਂ ਦੁਨੀਆ ਨੂੰ ਕੀ ਲਾਭ ਹੋਏਗਾ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿਮਾਲਾ ਪਰਬਤ ਤੇ ਰਹਿਣ ਵਾਲੇ ਸਿੱਧਾਂ ਜੋਗੀਆਂ ਦੇ ਸੰਸਾਰ-ਤਿਆਗ ਨੂੰ ਚੰਗਾ ਨਹੀਂ ਸੀ ਮੰਨਿਆ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਨਿਰਾ ਸਰੀਰ ਨੂੰ ਇਕਾਂਤ ਵਿਚ ਰਖਣ ਨਾਲ ਹੀ ਮਨ ਨੂੰ ਸ਼ਾਂਤੀ ਨਹੀਂ ਲਭਦੀ, ਸਗੋਂ ਇਹ ਮਨ ਤਾਂ ਸੰਸਾਰਕ ਪਦਾਰਥਾਂ ਤੇ ਦੁਨਿਆਵੀ ਰੁਚੀਆਂ ਪਿਛੇ ਹੀ ਭਟਕਦਾ ਰਹਿੰਦਾ ਹੈ।

ਗੁਰੂ ਸਾਹਿਬਾਂ ਨੇ ਗ੍ਰਹਿਸਥ ਵਿਚ ਰਹਿੰਦਿਆਂ ਹੀ ਤਿਆਗ, ਭਾਵ, 'ਗ੍ਰਹਿਸਥ ਮਾਹਿ ਉਦਾਸ' ਦੀ ਪ੍ਰੇਰਨਾ ਕੀਤੀ। ਉਨ੍ਹਾਂ ਦਸਿਆ ਕਿ ਲੋੜ ਤਾਂ ਹੈ ਬੁਰੀਆਂ ਇਛਾਵਾਂ ਨੂੰ ਤਿਆਗਣ ਦੀ। ਦੁਨੀਆ ਦੇ ਕੰਮ-ਕਾਰ ਛਡ ਕੇ ਇਕਾਂਤ ਵਿਚ ਜਾ ਰਹਿਣ ਦਾ ਨਾਮ ਤਿਆਗ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

"ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ।" ॥੩॥(੧੦੧੮)

ਇਕ ਸੱਚਾ ਸਿੱਖ ਅਸਲ ਸੰਨਿਆਸੀ ਹੈ। ਉਹ ਸੰਸਾਰਕ ਪਦਾਰਥਾਂ ਵਿਚ ਵਿਚਰਦਾ ਹੋਇਆ ਉਨ੍ਹਾਂ ਤੋਂ ਨਿਰਮੋਹ ਰਹਿੰਦਾ ਹੈ। ਉਹ ਨਿਤ ਦਾ ਕਾਰ-ਵਿਹਾਰ ਕਰਦੇ ਹੋਇਆਂ ਵੀ ਸੰਸਾਰ ਦੇ ਮੋਹ ਤੋਂ ਬਚਿਆ ਰਹਿੰਦਾ ਹੈ। ਇਸ ਤਰ੍ਹਾਂ ਉਹ ਸੰਸਾਰਕ ਦੁਖਾਂ ਵੇਲੇ ਨਾ ਤਾਂ ਦਿਲਗੀਰ ਹੁੰਦਾ ਹੈ ਅਤੇ ਨਾ ਹੀ ਸੰਸਾਰਕ ਜਿੱਤਾਂ ਤੇ ਪ੍ਰਾਪਤੀਆਂ ਕਾਰਨ ਆਫਰਦਾ ਹੀ ਹੈ। ਉਹ ਦੁਨਿਆਵੀ ਤੇ ਮਾਇਕ ਪਦਾਰਥਾਂ ਦੇ ਉਤਰਾ ਚੜ੍ਹਾ ਤੋਂ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਕੰਵਲ ਫੁਲ ਪਾਣੀ ਵਿਚ ਰਹਿ ਕੇ ਪਾਣੀ ਤੋਂ ਅਭਿਜ ਰਹਿੰਦਾ ਹੈ।

ਸੱਚਾ ਤਿਆਗ ਤਾਂ ਮਨ ਦੀ ਰੁਚੀ ਨੂੰ ਅਟੰਕ ਰਖਣ ਵਿਚ ਹੈ। ਗੁਰਬਾਣੀ ਦਸਦੀ ਹੈ—

"ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥" ਸਲੋਕ ਕਬੀਰ ਜੀ, ੧੩੭੬

ਜਿਵੇਂ ਘਰ ਦੇ ਕੰਮ ਕਾਜ ਵਿਚ ਰੁਝੀ ਹੋਈ ਮਾਂ ਪੰਘੂੜੇ ਵਿਚ ਬੱਚੇ ਦਾ ਧਿਆਨ ਰਖਦੀ ਹੈ, ਇਸੇ ਤਰ੍ਹਾਂ ਹੀ ਇਕ ਸੱਚਾ ਜਗਿਆਸੂ ਵੇਖਣ ਨੂੰ ਤਾਂ ਆਪਣੇ ਕਾਰ-ਵਿਹਾਰ ਵਿਚ ਰੁਝਾ ਹੋਇਆ ਹੁੰਦਾ ਹੈ, ਪਰ ਅੰਦਰੋਂ ਨਾਮ ਵਿਚ ਮਗਨ ਰਹਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਨੂੰ ਇਉਂ ਸਪੱਸ਼ਟ ਕਰਦੇ ਹਨ :—

ਰੇ ਮਨ ਐਸੋ ਕਰਿ ਸੰਨਿਆਸਾ ॥ ਬਨ ਸੇ ਸਦਨ ਸਬੈ ਕਰਿ ਸਮਝਹੁ,ਮਨ ਹੀ ਮਾਹਿ ਉਦਾਸਾ॥੧॥ਰਹਾਉ॥
ਜਤ ਕੀ ਜਟਾ ਜੋਗ ਕੋ ਮਜਨੁ, ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ ॥੧॥
ਅਲਪ ਅਹਾਰ, ਸੁਲਪ ਸੀ ਨਿੰਦ੍ਰਾ,ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤਿ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹ ਪਾਵੈ ॥੩॥੧॥

ਸਿਖ ਧਰਮ ਅਨੁਸਾਰ ਜੀਵਨ-ਜਾਚ ਨੂੰ ਅਮਲ ਵਿਚ ਲਿਆਉਣਾ ਹੀ ਅਸਲ ਤਿਆਗ ਹੈ, ਤੇ ਉਹ ਹੈ ਨਾਮ ਜਪਣਾ ਤੇ ਮਨੁਖ-ਮਾਤਰ ਦੀ ਸੇਵਾ ਕਰਨੀ।



www.AKJ.Org

# ਜਿਤੁ ਪੀਤੈ ਮਤਿ ਦੂਰਿ ਹੋਇ...

[ਸਿੱਖ ਮਿਸ਼ਨਰੀ ਕਾਲਜ, ਜੰਮੂ]

ਇਕ ਸਰੀਰੋਂ ਖੁੱਸਾ ਨਿਰਬਲ ਬੁੱਢਾ ਆਦਮੀ ਆਪਣੇ ਹੱਥ ਵਿਚ ਪੈਮਾਨਾ ਲਈ ਸ਼ਰਾਬ-ਖ਼ਾਨੇ ਦੇ ਦਰ ਦੀ ਬਾਰ ਬਾਰ ਪੈਮਾਇਸ਼ ਕਰ ਰਿਹਾ ਸੀ। ਉਹ ਆਪਣੇ ਪੈਮਾਨੇ ਨੂੰ ਕਦੀ ਇਧਰ ਰਖਦਾ ਕਦੀ ਉਧਰ। ਲੋਕ ਹੈਰਾਨ ਸਨ ਕਿ ਉਹ ਕੀ ਕਰ ਰਿਹਾ ਹੈ। ਠੇਕੇਦਾਰ ਦੇ ਨੌਕਰ ਮਖ਼ੌਲ ਉਡਾ ਕੇ ਉਸ ਨੂੰ ਪਰੇ ਧਕੇਲ ਰਹੇ ਸਨ। ਆਖ਼ਰ ਲੋਕਾਂ ਪੁੱਛਿਆ, "ਬਾਬਾ! ਇਥੇ ਕੀ ਕਰ ਰਿਹਾ ਹੈਂ?" ਉਸ ਨੇ ਥਥਲਾਂਦੀ ਜ਼ਬਾਨ ਵਿਚ ਆਖਿਆ, ਮੈਖ਼ਾਨੇ ਦੇ ਇਸ ਨਿੱਕੇ ਜਿਹੇ ਦਰ ਥਾਣੀ ਮੇਰੇ ਮੁਰੱਬੇ, ਜ਼ਮੀਨਾਂ, ਹਾਥੀ, ਘੋੜੇ, ਬੱਘੀਆਂ, ਮਕਾਨ, ਗਹਿਣੇ, ਦੌਲਤਾਂ, ਸਭ ਲੰਘ ਕੇ ਖਤਮ ਹੋ ਗਏ ਹਨ, ਅੱਜ ਮੇਰੇ ਜੁੱਸੇ ਨੂੰ ਵੀ ਲੰਘਣ ਦੀ ਥਾਂ ਨਹੀਂ ਦਿਤੀ ਜਾਂਦੀ। ਮੈਂ ਹੈਰਾਨ ਹਾਂ ਕਿ ਇਸ ਨਿੱਕੇ ਦਰ ਵਿਚੀਂ ਕਿਵੇਂ ਮੇਰਾ ਸਭ ਕੁਝ ਹੜੱਪ ਹੁੰਦਾ ਗਿਆ ਹੈ, ਅਜ ਮੇਰੇ ਪਾਸ ਕੁਛ ਵੀ ਬਾਕੀ ਨਹੀਂ ਰਿਹਾ। ਮਾਇਆ ਤੇ ਘਰ ਬਾਰ ਹੀ ਤੇ ਬਸ ਨਹੀਂ, ਬਲਕਿ ਮੇਰੀ ਜੁਆਨੀ, ਸਿਹਤ, ਇਖ਼ਲਾਕ ਤੇ ਖੁਸ਼ਹਾਲੀ ਤਮਾਮ ਖ਼ੂਬੀਆਂ ਨੂੰ ਇਸ ਦਰ ਤੋਂ ਮਿਲਦੇ ਨਿੱਕੇ ਪਿਆਲੇ ਵਿਚ ਡੋਬ ਦਿਤਾ ਗਿਆ ਹੈ। "ਓ ਸ਼ਰਾਬ! ਸ਼ਰਾਰਤ ਦੇ ਪਾਣੀ!!" ਬਾਬੇ ਦੇ ਹੰਝੂਆਂ ਨਾਲ ਇਕ ਬੋਤਲ ਭਰੀ ਜਾ ਸਕਦੀ ਸੀ ਜਿਸ ਨਾਲ ਸ਼ਾਇਦ ਸ਼ਰਾਬੀਆਂ ਨੂੰ ਕੋਈ ਲਾਭ ਪੁੱਜ ਸਕਦਾ।

"ਸ਼ਰਾਬ" ਅਰਬੀ ਦਾ ਲਫਜ਼ ਹੈ ਜਿਸ ਦੇ ਅਰਥ ਹਨ—ਪੀਣ ਵਾਲੀ ਸ਼ੈ। ਫ਼ਾਰਸੀ ਵਿਚ ਇਸ ਦੇ ਮਾਅਨੇ 'ਸ਼ਰਾਰਤ ਦਾ ਪਾਣੀ' ਵੀ ਕੀਤੇ ਗਏ ਹਨ। ਸੰਸਕ੍ਰਿਤ ਤੇ ਹਿੰਦੀ ਵਾਲੇ ਇਸ ਨੂੰ ਨਸ਼ਾ ਦੇਣ ਵਾਲੀ-'ਮੱਦਰਾ' ਯਾ 'ਸੁਰਾ' ਕਰਕੇ ਸੱਦਦੇ ਹਨ। ਪੁਰਾਣਾਂ ਵਿਚ ਜ਼ਿਕਰ ਆਇਆ ਹੈ ਕਿ ਦੇਵਤਿਆਂ ਤੇ ਦੈਂਤਾਂ ਵਲੋਂ ਰਿੜਕੇ ਸਮੁੰਦਰ ਵਿਚੋਂ ਇਕ 'ਸ਼ਰਾਬ' ਵੀ ਸੀ। ਰਿਗਵੇਦ ਵਿਚ ਮਦਰਾ ਦਾ ਤਾਂ ਜ਼ਿਕਰ ਨਹੀਂ, ਮਗਰ 'ਸੋਮਰਸ' ਦਾ ਕਈ ਥਾਂ ਵਰਣਨ ਆਉਂਦਾ ਹੈ। ਕਹਿੰਦੇ ਹਨ ਕਿ ਪੁਰਾਣੇ ਆਰੀਅਨ ਇਸ ਨੂੰ ਪਾਨ ਕਰ ਕੇ ਬੜੇ ਪ੍ਰਸੰਨ ਹੁੰਦੇ ਸਨ ਤੇ ਆਪਣੇ ਦੇਵਤਿਆਂ ਨੂੰ ਵੀ ਇਸ ਦੀ ਭੇਟਾ ਚੜ੍ਹਾਉਂਦੇ ਸਨ। ਕੁਛ ਲੋਕਾਂ ਦਾ ਖ਼ਿਆਲ ਹੈ ਕਿ ਇਹ 'ਸੋਮਰਸ' ਇਕ ਤਰ੍ਹਾਂ ਦੀ ਸ਼ਰਾਬ ਸੀ।

ਸਾਨੂੰ ਪਤਾ ਹੈ ਕਿ ਕਿਵੇਂ ਕ੍ਰਿਸ਼ਨ ਜੀ ਦਾ ਸਾਰਾ ਕਬੀਲਾ ਪ੍ਰਭਾਸ ਛੇਤ੍ਰ ਤੀਰਥ ਤੇ ਇਸ 'ਸ਼ਰਾਬ ਰਤਨ' ਦੀ ਕਿਰਪਾ ਨਾਲ ਹੀ ਫ਼ਨਾਹ ਹੋ ਗਿਆ ਸੀ। ਉਸ ਤੋਂ ਪਿਛੋਂ ਸ਼ਾਕਤਾਂ ਨੂੰ ਵੀ ਸ਼ਰਾਬ ਦੇ ਪਿਆਲੇ ਵਿਚ ਡੁੱਬ ਕੇ ਆਪਣੀ ਮੌਤੇ ਮਰਨਾ ਪਿਆ। ਜੋ ਇਹ ਕਿਹਾ ਜਾਂਦਾ ਸੀ ਕਿ ਇਹ ਦੇਵਤਿਆਂ ਦੇ ਨਾਂ ਤੇ ਰਤਨ ਰਚਿਆ ਗਿਆ ਹੈ, ਉਸ ਦਾ ਵੀ ਖੰਡਨ ਕਰ ਦਿਤਾ ਗਿਆ :—

ਕੁਲ, ਜਸ, ਨਾਮ, ਧਨ, ਰੂਪ, ਸੁਖ, ਭੋਗ, ਤਨ, ਬੁਧਿ, ਮਨ, ਏਤ, ਸਭ ਨਾਸਤ, ਸ਼ਰਾਬ ਹੈ।
ਸ਼ਤ੍ਰੁ ਤੇ ਸ਼ਕਾਰ ਲੈ ਕੇ, ਰਾਖਸ਼ ਤੇ ਰਕਾਰ ਲੈ ਕੇ, ਬਿਆਧਿ ਤੇ ਬੇਕਾਰ ਲੈ ਕੇ, ਬਿਰਚੀ ਸ਼ਰਾਬ ਹੈ!

ਯੋਗੀਆਂ ਨੂੰ ਵੀ ਇਸ ਵੈਰਨ ਰਾਖਸ਼ ਬਿਆਧਿ ਨੇ ਹੀ ਫ਼ਨਾਹ ਕੀਤਾ ਸੀ। ਉਹਨਾਂ ਸੰਬੰਧੀ ਜੋ ਇਹ ਮੁਹਾਵਰਾ ਮਸ਼ਹੂਰ ਹੈ ਕਿ :—

ਯੋਗੀ ਯੋਗੀ ਲੜ ਪਏ, ਖੱਪਰਾਂ ਦਾ ਨੁਕਸਾਨ।

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਜੋਗੀ ਕਿਸੇ ਘਰ, ਜ਼ਮੀਨ ਪਿਛੇ ਤਾਂ ਲੜਦੇ ਹੀ ਨਹੀਂ ਸਨ, ਉਹਨਾਂ ਦੀ 'ਖੱਪਰ-ਜੰਗ' ਦਾ ਕਾਰਨ ਇਹ ਖ਼ਰਾਬ ਸ਼ਰਾਬ ਹੀ ਸੀ, ਪੀਂਦੇ ਸਮਾਧੀਆਂ ਲਾਉਣ ਲਈ ਸਨ, ਪਰ ਲੱਗ ਜਾਂਦੀਆਂ ਨਵੀਆਂ ਬਿਆਧੀਆਂ ਸਨ। ਇਸੇ ਸ਼ਰਾਬ ਦੇ ਮਾਰੇ ਅਜ ਜੋਗੀ, ਬੰਗਾਲੇ ਮਦਾਰੀ ਬਣ ਸੱਪ ਵਿਖਾ ਕੇ ਮੰਗਦੇ



www.AKJ.Org

ਫਿਰਦੇ ਵੇਖੀਦੇ ਹਨ ।

ਇਸੇ ਤਰ੍ਹਾਂ ਇਸਲਾਮ ਦੇ ਇਤਿਹਾਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਕਿਵੇਂ ਸ਼ਰਾਬ ਨੇ ਸੂਫੀਆਂ ਨੂੰ ਪਾਗਲ ਬਣਾ ਕੇ ਸਦਾਚਾਰੋਂ ਡੇਗਿਆ ਤੇ ਕਿਵੇਂ ਮੁਸਲਮ ਬਾਦਸ਼ਾਹਾਂ ਨੂੰ 'ਜ਼ਾਲਮ' ਬਣਾਇਆ । ਮੁਸਲਮ ਨੀਤੀ ਦਾ ਆਮ ਤੌਰ ਤੇ ਜਾਬਰ ਹੋਣਾ ਸ਼ਰਾਬ ਕਰਕੇ ਹੀ ਹੈ । ਬਾਬਰ ਜਦੋਂ ਪਾਪ ਦੀ ਜੰਞ ਲੈ ਕੇ ਕਾਬਲੋਂ ਗਾਉਂਦਾ ਆ ਰਿਹਾ ਸੀ ਤਾਂ ਉਸ ਦਾ ਗੀਤ ਵੀ ਇਹੋ ਸੀ :–

"ਬਾਬਰ ਬਐਸ਼ ਕੋਸ਼ ਕਿ, ਆਲਮ ਦੁਬਾਰਾ ਨੇਸਤ ।"

ਸ਼ਰਾਬ ਨਾਲ ਅੰਨ੍ਹੇ ਹੋਏ ਬਾਦਸ਼ਾਹਾਂ ਨੇ ਕਿਵੇਂ ਮਾਸੂਮਾਂ ਤੇ ਜ਼ੁਲਮ ਢਾਹੇ, ਇਹ ਸਾਰੀ ਮੁਸਲਮ ਤਵਾਰੀਖ਼ ਤੋਂ ਪ੍ਰਗਟ ਹੀ ਹੈ । ਇਹ ਵੀ ਕਿਸੇ ਪਾਸੋਂ ਲੁਕੀ ਛੁਪੀ ਘਟਨਾ ਨਹੀਂ ਕਿ ਸ਼ਰਾਬ ਦਾ ਪਿਆਲਾ ਫੜ ਕੇ ਮੁਗਲਈ ਸਲਤਨਤ ਦੀ ਉਸਾਰੀ ਗਈ ਇਮਾਰਤ, ਆਖਰ ਸ਼ਰਾਬ ਦੇ ਪਿਆਲੇ ਵਿਚ ਹੀ ਜਹਾਂਗੀਰ ਤੇ ਮੁਹੰਮਦ ਸ਼ਾਹ ਰੰਗੀਲੇ ਨੇ ਰੋੜ੍ਹ ਦਿਤੀ ।

ਗੁਰੂ ਨਾਨਕ ਸਾਹਿਬ ਨੇ ਜਦੋਂ ਦੇਸ਼ ਦੀ ਇਸ ਦਰਦਨਾਕ ਅਵਸਥਾ ਨੂੰ ਤਕਿਆ ਕਿ ਜੋਗੀ ਧਰਮ ਨੂੰ ਸ਼ਰਾਬ ਦੀ ਨਦੀ ਵਿਚ ਰੋੜ੍ਹੀ ਜਾ ਰਹੇ ਹਨ ਤੇ ਰਾਜਨੀਤੀ ਨੂੰ ਮੁਗਲ, ਸ਼ਰਾਬ ਦੇ ਖਾਰੇ ਸਾਗਰ ਵਿਚ ਡੋਬੀ ਜਾ ਰਹੇ ਹਨ, ਉਸ ਸਮੇਂ ਆਪ ਨੇ ਕਿਹਾ :–

ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥੨॥੧੨॥ (੫੫੩)

ਇਹ ਵਾਕ ਕੋਈ ਉਹ ਕੇਵਲ ਸ਼ਾਇਰਾਨਾ ਅੰਦਾਜ਼ ਵਿਚ ਨਹੀਂ ਸੀ ਕਹਿ ਰਹੇ, ਬਲਕਿ ਉਹਨਾਂ ਸਾਹਮਣੇ ਉਹਨਾਂ ਸਾਰੇ ਬਿਕਾਰਾਂ- ਦਾ ਪ੍ਰਤੱਖ ਚਿਤਰ ਸੀ ਕਿ ਕਿਵੇਂ ਸੰਸਾਰ ਦੀ ਸਭਿਆਚਾਰਕ, ਧਾਰਮਕ, ਕੌਮੀ, ਸਮਾਜਕ ਰਾਜਨੀਤਕ, ਸਰੀਰਕ, ਦਿਮਾਗੀ ਤੇ ਮਾਲੀ ਅਵਸਥਾ ਇਸ ਨਾਲ ਕਮਜ਼ੋਰ ਹੋਈ ਹੈ ਤੇ ਅਗੋਂ ਲਈ ਵੀ ਇਹ ਛੂਛਾ ਮਦ ਹਰ ਪਹਿਲੂ ਤੋਂ ਇਨਸਾਨੀਅਤ ਲਈ ਹਾਨੀਕਾਰਕ ਹੀ ਸਾਬਤ ਹੁੰਦਾ ਰਹੇਗਾ ।

ਰੱਬੀ ਸ਼ਾਇਰ ਗੁਰੂ ਨਾਨਕ ਸਾਹਿਬ, "ਜੋ ਧਰਮ ਦੇ ਨਾਮ ਤੇ ਕੁਕਰਮ ਹੋ ਰਿਹਾ ਸੀ" ਉਸ ਨੂੰ ਬੰਦ ਕਰਨਾ ਚਾਹੁੰਦੇ ਸਨ, ਉਹਨਾਂ ਦਲੀਲਾਂ ਦੇ ਕੇ ਇਸ ਨੂੰ ਰੋਕਿਆ ਕਿ ਜਿਸ ਸ਼ਰਾਬ ਪੀਣ ਦੇ ਨਾਲ ਇਨਸਾਨ ਪਾਗਲ ਹੋ ਜਾਂਦਾ ਹੈ ਤੇ ਆਪਣੇ ਪਰਾਏ ਦੀ ਪਛਾਣ ਨਹੀਂ ਰਖ ਸਕਦਾ, ਉਸ ਦੇ ਪੀਣ ਦਾ ਕੀ ਲਾਭ ?

ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥ (੫੫੪)

ਅਤੇ– ਨਾਨਕ ਨਦਰੀ ਸਚੁ ਮਦੁ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥
ਸਦਾ ਸਾਹਿਬ ਕੈ ਰੰਗਿ ਰਹੈ, ਮਹਲੀ ਪਾਵੈ ਥਾਉ ॥੧॥ (੫੫੪)

ਜੋ ਧਾਰਮਿਕ ਯਾ ਰਾਜਸੀ ਲੋਕ ਅਜਿਹੀ ਸ਼ਰਾਬ ਪੀਂਦੇ ਵੀ ਹਨ, ਉਹ ਪਾਗਲ ਹਨ, ਵਿਸ਼ਿਆਂ ਨੇ ਉਹਨਾਂ ਨੂੰ ਦੀਵਾਨਾ ਬਣਾਇਆ ਹੋਇਆ ਹੈ। ਜ਼ਿੰਦਗੀ ਦਾ ਸਹੀ ਨਸ਼ਾ ਤਾਂ ਕੇਵਲ ਨਾਮ-ਰਸ ਨਾਲ ਹੀ ਮਿਲ ਸਕਦਾ ਹੈ:–

ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ ॥੪॥੧੧੪॥ (੩੯੯)

ਗੁਰੂ ਜੀ ਦੀ ਇਤਨੀ ਸਖ਼ਤ ਤਾੜਨਾ ਦੇ ਬਾਵਜੂਦ ਵੀ ਅੱਜ ਸਿੱਖਾਂ ਵਿਚ ਸ਼ਰਾਬ ਦਾ ਆਮ ਜ਼ੋਰ ਹੈ । ਮਾਲਵੇ ਤੇ ਮਾਝੇ ਵਿਚ ਜੰਮਣ-ਗੁੜ੍ਹਤੀ ਵਾਂਗ ਸ਼ਰਾਬ ਹਰ ਬੁੱਢੇ, ਬਾਲ ਤੇ ਅਸਰ ਰਖਦੀ ਹੈ । ਵਿਆਹ, ਮੇਲ ਤੇ



www.AKJ.Org

ਖੁਸ਼ੀ ਸਮੇਂ ਇਸ ਦੀ ਵਰਤੋਂ ਵਡਿਆਈ ਦਾ ਕਾਰਨ ਸਮਝੀ ਜਾਂਦੀ ਹੈ ਤੇ ਆਮ ਲੋਕ ਘਰ ਦੀ ਕੱਢੀ ਨੂੰ ਸੁਦੇਸ਼ੀ ਕਹਿ ਕੇ ਮਾਣ ਨਾਲ ਪੀਂਦੇ ਹਨ।

ਇਸ ਦੇ ਪੀਣ ਦੇ ਹਮਾਇਤੀ ਕੁਝ ਲੋਕ ਇਹ ਵੀ ਕਹਿੰਦੇ ਹਨ ਕਿ, "ਜੀ ! ਸ਼ਰਾਬ ਨੂੰ ਕੁਰਹਿਤਾਂ ਵਿਚ ਤਾਂ ਨਹੀਂ ਗਿਣਿਆ ਗਿਆ, ਇਹ ਕੋਈ ਬੱਜਰ ਪਾਪ ਤਾਂ ਨਹੀਂ ਸੋ ਇਸ ਦੀ ਵਰਤੋਂ ਇਤਨੀ ਧਾਰਮਿਕ ਤੌਰ ਤੇ ਹਾਨੀਕਾਰਕ ਨਹੀਂ ਜਿੰਨੀ ਕੁੱਠੇ ਯਾ ਤਮਾਕੂ ਦੀ। ਉਹ ਲੋਕ ਉਪਰੋਕਤ ਕਥਨਾਂ ਨੂੰ ਭੁੱਲ ਜਾਂਦੇ ਹਨ ਜੋ ਗੁਰੂ ਜੀ ਨੇ ਸ਼ਰਾਬ ਵਿਰੁਧ ਸਖ਼ਤ ਤਾੜਨਾ ਕਰਦਿਆਂ ਤਮਾਮ ਇਨਸਾਨੀਅਤ ਲਈ ਕਹੇ ਹਨ । ਦੂਸਰੇ ਅਗਰ ਕਿਸੇ ਚੀਜ਼ ਦੀ ਵਰਤੋਂ ਦੀ ਮਨਾਹੀ ਕੁਰਹਿਤਾਂ ਦੀ ਗਿਣਤੀ ਵਿਚ ਨਹੀਂ ਆਈ ਤਾਂ ਕੀ ਉਹ ਜਾਇਜ਼ ਚੀਜ਼ ਹੈ ? ਮਸਲਨ ਜ਼ਹਿਰ ਨੂੰ ਕੁਰਹਿਤਾਂ ਵਿਚ ਨਹੀਂ ਰਖਿਆ ਗਿਆ, ਇਸ ਦਾ ਅਰਥ ਇਹ ਨਹੀਂ ਕਿ ਸਾਰੇ ਸਿਖ ਜ਼ਹਿਰ ਖਾ ਮਰਨ। ਸ਼ਰਾਬ ਕੁਰਹਿਤਾਂ ਦੀ ਵਡੀ ਕੁਰਹਿਤ ਹੈ, ਜਿਸ ਨੂੰ ਅਣਭੋਲ ਹੀ ਅਪਣਾਅ ਕੇ ਸਾਰੇ ਧਰਮ ਉਚਿਆਈ ਤੋਂ ਪਤਿਤ ਹੋ ਰਹੇ ਹਨ। ਇਹ ਸਾਰੀਆਂ ਬਦੀਆਂ ਦੀ ਜੜ੍ਹ ਹੈ। ਜਿਸ ਨੇ ਸ਼ਰਾਬ ਪੀਤੀ ਹੋਵੇ ਉਸ ਨੂੰ ਵੇਸਵਾਗਾਮੀ ਹੋਣ ਦਾ ਸਾਹਸ ਵੀ ਪੈ ਜਾਂਦਾ ਹੈ। ਜਿਸ ਮੰਤਵ ਲਈ ਫਿਰ ਪੈਸੇ ਦੀ ਲੋੜ ਪੈਂਦੀ ਹੈ। ਪੈਸਿਆਂ ਖ਼ਾਤਰ ਫਿਰ ਜੂਆ ਚੋਰੀ ਵਗੈਰਾ ਬੁਰਿਆਈਆਂ ਲੋਕ ਅਪਣਾਉਂਦੇ ਹਨ। ਸੋ ਇਸ ਤਰ੍ਹਾਂ ਸ਼ਰਾਬ ਤਮਾਮ ਖ਼ਰਾਬੀਆਂ ਦੀ ਮੂਲ ਹੋਣ ਕਰਕੇ ਸਭ ਕੁਰਹਿਤਾਂ ਦੀ ਮਾਂ ਹੈ।

ਇਥੇ ਅਸੀਂ ਸਿਖ ਰਹਿਤਨਾਮਿਆਂ ਤੇ ਹੋਰ ਇਤਿਹਾਸ ਵਿਚੋਂ ਸ਼ਰਾਬ ਸੰਬੰਧੀ ਦਿਤੀਆਂ ਗਈਆਂ ਨਸੀਅਤਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦੇ ਹਾਂ, ਜਿਸ ਤੋਂ ਪਤਾ ਲਗ ਸਕੇ, ਕਿਵੇਂ ਪੁਰਾਤਨ ਗੁਰਸਿਖ ਇਸ ਦੀ ਰੋਕ ਥਾਮ ਕਰਦੇ ਆ ਰਹੇ ਸਨ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਲਿਖਿਐ :–

"ਪਰ ਨਾਰੀ, ਜੂਆ ਅੰ-ਸਤ, ਚੋਰੀ, ਮਦੁਰਾ ਜਾਨ।
ਪਾਂਚ ਐਬ ਯਹ ਜਗਤ ਮਾਹਿ ਤਜੇ, ਸੁ ਸਿੰਘ ਸੁਜਾਨ।"

ਇਸੇ ਤਰ੍ਹਾਂ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ ਕਿ 'ਗੁਰੂ ਕਾ ਸਿਖ ਸ਼ਰਾਬ ਕਦੀ ਨਾ ਪੀਵੇ।' 'ਅਮਲ ਪ੍ਰਸ਼ਾਦੇ ਕਾ ਰਖਣਾ।' ਭਾਈ ਸਾਹਿਬ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਉਪਦੇਸ਼ ਦੇਂਦਿਆਂ ਇਕ ਥਾਂ ਕਿਹਾ ਹੈ ਕਿ ਇਸ ਦੇ ਪੀਣ ਨਾਲ ਤਾਂ ਇਨਸਾਨ ਹੈਵਾਨ ਹੋ ਜਾਂਦਾ ਹੈ।

ਇਸੇ ਤਰ੍ਹਾਂ "ਪ੍ਰੇਮ ਸੁਮਾਰਗ" ਵਿਚ ਹਰ ਕਿਸਮ ਦੇ ਅਮਲ ਦੀ ਮਨਾਹੀ ਕਰਦਿਆਂ ਫੁਰਮਾਇਆ ਹੈ–

"ਅਮਲ ਕੋਈ ਖਾਇ ਨਹੀਂ, ਅਮਲ ਖਾਣਾ ਇਸ ਵਾਸਤੇ ਮਨਹਿ ਹੈ ਜੋ ਦੇਹੀ ਨੂੰ ਸੁਸਤ ਕਰਦਾ ਹੈ। ਸਿਮਰਨ ਤੇ ਦੁਨੀਆ ਦੀ ਕਿਰਤ ਸੇ ਫੇਰ ਰਖਦਾ ਹੈ, ਕਰਣੇ ਨਹੀਂ ਦੇਂਦਾ। ਅਰ ਬਦਅਮਲਾਂ ਨੂੰ ਦੌੜਾਉਂਦਾ ਹੈ, ਸਵਾਦਾਂ ਨੂੰ ਚਾਹੁੰਦਾ ਹੈ। ਸਵਾਦ ਕਰ ਕੇ ਬਦਅਮਲ ਹੁੰਦੇ ਹਨ।"

ਇਸ ਲਈ ਅਜਿਹੀ ਸ਼ਰਾਬ, ਜੋ ਸਾਡੇ ਤਮਾਮ ਬਦਅਮਲਾਂ ਦਾ ਕਾਰਨ ਬਣਦੀ ਹੋਵੇ, ਕਦੀ ਵੀ ਪੀਣੀ ਲਾਭਦਾਇਕ ਨਹੀਂ। ਇਸ ਦਾ ਝੱਸ ਹੈ ਬੁਰਾ, ਇਹ ਰੱਬ ਕਰਕੇ ਕਿਸੇ ਨੂੰ ਪਵੇ ਨਾ। ਕਿਸੇ ਸ਼ਾਇਰ ਨੇ ਤੌਬਾ ਕਰਦਿਆਂ ਠੀਕ ਕਿਹਾ ਹੈ :–

ਦਿੱਕ ਹੋ ਸਿਲ ਹੋ, ਕਿਆ ਹੀ ਭਾਰੀ ਅਜ਼ਾਬ ਹੋ।
ਮਗਰ ਐ ਖ਼ੁਦਾਇ ਦੋ ਜਹਾਂ, ਨ ਕਿਸੀ ਕੋ ਸ਼ੌਕੇ ਸ਼ਰਾਬ ਹੋ।

ਕੁਛ ਲੋਕ ਜੀਵਨ ਨੂੰ ਮਸਤਾਨਾ ਬਨਾਣ ਲਈ ਇਸ ਦੀ ਵਰਤੋਂ ਜ਼ਰੂਰੀ ਕਰਾਰ ਦਿੰਦੇ ਹਨ, ਜੈਸਾ ਕਿ ਜੋਗੀ ਲੋਗ ਸਮਾਧੀ ਲਾਉਣ ਲਈ ਇਸ ਦੀ ਮਦਦ ਲੈਣੀ ਯੋਗ ਸਮਝਦੇ ਸਨ। ਮਗਰ ਗੁਰੂ ਸਾਹਿਬਾਨ ਨੇ ਆਪਣੇ ਧਰਮ ਦਾ ਆਦਰਸ਼ ਜਿਥੇ ਉੱਚਾ ਸੁੱਚਾ ਰਖਿਆ ਹੈ, ਉਥੇ ਉਸ ਲਈ ਵਸੀਲੇ ਵੀ ਬਣਾਏ ਹਨ, ਤਾਂ ਕਿ



www.AKJ.Org

ਮਨੁੱਖ ਕਿਸੇ ਥਾਂ ਤੋਂ ਵੀ ਗ਼ਲਤ ਰਾਹ ਵਲ ਕਦਮ ਨ ਪੁਟ ਬੈਠੇ। ਜਦੋਂ ਜੋਗੀ ਭਰਥਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਇਹ ਸਵਾਲ ਕੀਤਾ ਕਿ ਤੁਸੀਂ ਆਪਣੀ ਜ਼ਿੰਦਗੀ ਨੂੰ ਨਸ਼ਿਆਉਣ ਲਈ ਕਿਸ ਤਰ੍ਹਾਂ ਦੀ ਸ਼ਰਾਬ ਵਰਤਦੇ ਹੋ ਤਾਂ ਆਪ ਨੇ ਕਿਹਾ, ਮੈਂ ਉਹ ਸ਼ਰਾਬ, ਸੂਝ, ਨੀਝ, ਅਮਲ ਤੇ ਪ੍ਰੇਮ ਨਾਲ ਤਿਆਰ ਕਰਦਾ ਹਾਂ। ਇਸ ਦਾ ਨਸ਼ਾ ਪੀ ਕੇ ਫਿਰ ਛੂਛੇ ਮਦਾਂ ਦੇ ਰਸ ਚਖਣ ਦੀ ਲੋੜ ਨਹੀਂ ਰਹਿ ਜਾਂਦੀ, ਮਗਰ ਇਸ ਦਾ ਪਿਆਲਾ ਵਾਹਿਗੁਰੂ ਦੀ ਰਹਿਮਤ ਨਾਲ ਹੀ ਮਿਲਦਾ ਹੈ–ਗੁਰੂ ਜੀ ਇਸ ਦੇ ਸਰੂਰ ਵਿਚ ਆਏ ਆਖ਼ਰ ਗਾ ਉਠੇ। ਉਹਨਾਂ ਦੇ ਸ਼ਬਦਾਂ ਵਿਚ ਹੀ ਸੁਣੋ :–

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ, ਮਨੁ ਮਤਵਾਰੋ ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ ॥੧॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ ॥੨॥ (੩੫੦)

ਭਾਈ ਨੰਦ ਲਾਲ ਸਿੰਘ ਜੀ ਨੇ ਵੀ ਕਿਹਾ ਹੈ ਕਿ ਮੇਰੇ ਮਜ਼ਹਬ ਵਿਚ ਮਸਤੀ ਦੇ ਮਾਅਨੇ ਹੁਸ਼ਿਆਰੀ ਦੇ ਹਨ, ਪਾਗਲਪਨ ਨਹੀਂ :–

"ਮਸਤੀਏ ਹੱਕ ਮਅਨੀਏ ਹੁਸ਼ਿਆਰੀ ਅਸਤ।"

ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਸ਼ਰਾਬ ਪੀਣ ਦੀ ਬਿਲਕੁਲ ਮਨਾਹੀ ਹੈ। ਪਰ ਅਸੀਂ ਵੇਖਦੇ ਹਾਂ ਕਿ ਜਿਥੇ ਸ਼ਰਾਬ ਦਾ ਸੇਵਨ ਹੋਰ ਮਤਾਂ ਵਾਲੇ ਕਰ ਰਹੇ ਹਨ, ਉਥੇ ਗੁਰੂ ਕੇ ਸਿੱਖ ਅਖਵਾਉਣ ਵਾਲੇ, ਗੁਰੂ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਇਸ ਦਾ ਸੇਵਨ ਗਜ ਵਜ ਕੇ ਵਿਆਹ ਸ਼ਾਦੀਆਂ ਪਾਰਟੀਆਂ ਅਤੇ ਜਲਸਿਆਂ ਵਿਚ ਖੁਲ੍ਹਮ-ਖੁਲ੍ਹਾ ਕਰਦੇ ਜ਼ਰਾ ਨਹੀਂ ਸ਼ਰਮ ਉਂਦੇ। ਕੋਈ ਸਮਾਂ ਸੀ ਕਿ ਸ਼ਰਾਬ ਨੂੰ ਪੀਣ ਵਾਲੇ ਲੋਕ ਚੋਰੀ-ਚੋਰੀ ਲੁਕ ਛਿਪ ਕੇ ਪੀਂਦੇ ਸਨ, ਪਰੰਤੂ ਅੱਜ ਸਕੂਲਾਂ ਦੇ ਅਧਿਆਪਕ, ਕਾਲਜਾਂ ਦੇ ਪ੍ਰੋਫੈਸਰ–ਜਿਹਨਾਂ ਦੇ ਹੱਥ ਵਿਚ ਸਾਡੇ ਬੱਚਿਆਂ ਦਾ ਭਵਿਖ ਹੈ, ਡਾਕਟਰ–ਜਿਹਨਾਂ ਨੇ ਦੇਸ਼ ਨੂੰ ਅਰੋਗ ਰਖਣਾ ਹੈ, ਜੱਜ–ਜਿਹਨਾਂ ਨੇ ਨਿਆਂ ਵਾਲੀ ਕੁਰਸੀ ਤੇ ਬਹਿਣਾ ਹੈ, ਪੁਲਸ ਅਧਿਕਾਰੀ--ਜਿਹਨਾਂ ਨੇ ਕਾਨੂੰਨ ਭੰਗ ਕਰਨ ਵਾਲਿਆਂ ਨੂੰ ਫੜ ਕੇ ਸਜ਼ਾ ਦਿਵਾਉਣੀ ਹੈ, ਇਹ ਸਭ ਆਪ ਸ਼ਰਾਬ ਦੀ ਵਰਤੋਂ ਕਰ ਰਹੇ ਹਨ।

ਕੁਝ ਲੋਕ ਸ਼ਰਾਬ ਨੂੰ ਤਾਕਤ ਦੇਣ ਵਾਲੀ ਦੁਆਈ ਸਮਝੀ ਜਾਂਦੇ ਹਨ ਤੇ ਸਰਦੀ ਤੋਂ ਬਚਣ ਦਾ ਸਾਧਨ ਮੰਨਦੇ ਹਨ, ਪਰ ਡਾਕਟਰਾਂ ਤੇ ਵਿਦਵਾਨਾਂ ਦੀ ਰਾਏ ਤੇ ਤਜਰਬਾ ਇਸ ਦੇ ਵਿਰੁੱਧ ਹੈ। ਸ਼ਰਾਬ ਨਾਲ ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ ਤੇ ਕੁਝ ਪਲਾਂ ਲਈ ਸਰੀਰ ਨੂੰ ਗਰਮ ਵੀ ਕਰਦੀ ਹੈ, ਪਰ ਇਹ ਗਰਮੀ ਬਾਹਰੋਂ ਨਹੀਂ ਸਗੋਂ ਲਹੂ, ਚਰਬੀ, ਸਰੀਰ ਦਾ ਬਾਲਣ ਬਾਲ ਕੇ ਹਾਸਲ ਕੀਤੀ ਗਈ ਹੈ।

ਅਧੁਨਿਕ ਖੋਜ ਅਨੁਸਾਰ ਇਹ ਸਿਧ ਹੋ ਚੁਕਿਆ ਹੈ ਕਿ ਅੱਜ ਕਲ੍ਹ ਬਹੁਤ ਸਾਰੀਆਂ ਨਵੀਆਂ ਬਿਮਾਰੀਆਂ, ਜੋ ਕਿ ਜਿਗਰ ਦੇ ਵਧ ਜਾਣ ਨਾਲ ਹੁੰਦੀਆਂ ਹਨ, ਦਾ ਮੂਲ ਕਾਰਨ ਸ਼ਰਾਬ ਹੀ ਹੈ, ਕਿਉਂਕਿ ਜਿਗਰ ਦਾ ਵਧਣਾ ਸਿਰਫ਼ ਸ਼ਰਾਬ ਦੇ ਸੇਵਨ ਨਾਲ ਹੀ ਹੁੰਦਾ ਹੈ।

ਸਾਨੂੰ ਸਿਖ ਅਖਵਾਉਣ ਵਾਲਿਆਂ ਨੂੰ ਆਪਣੇ ਗੁਰੂ ਸਾਹਿਬ ਦਾ ਕੋਟਾਂਨ ਕੋਟ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਹੈ ਜਿਹਨਾਂ ਸਾਨੂੰ ਅਜਿਹੀ ਭੈੜੀ ਵਸਤੂ ਤੋਂ ਬਚਣ ਲਈ ਸਖ਼ਤ ਤਾੜਨਾ ਕੀਤੀ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਗੁਰੂ ਸਾਹਿਬ ਦੇ ਹੁਕਮਾਂ ਤੇ ਚਲਦੇ ਹੋਏ ਭੈੜੀ ਵਸਤੂ ਦਾ ਸਦਾ ਲਈ ਤਿਆਗ ਕਰ ਦੇਈਏ, ਕਿਉਂਕਿ ਜੋ ਇਸ ਦੀ ਵਰਤੋਂ ਕਰਦਾ ਹੈ, ਉਹ ਗੁਰੂ ਦਾ ਸਿੱਖ ਨਹੀਂ ਅਖਵਾ ਸਕਦਾ।



www.AKJ.Org

# ਫ਼ੈਸ਼ਨ-ਪ੍ਰਸਤੀ ਅਧੀਨ ਬੇਹਯਾਈ ਵੇਸ

[ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜਿਸ ਵੇਸ ਨੂੰ ਪਹਿਰਨਾ ਅਗੇ ਵੇਸਵਾਵਾਂ (ਬਜ਼ਾਰੀ ਔਰਤਾਂ) ਭੀ ਸ਼ਰਮ ਅਤੇ ਲਜਿਆ ਦਾ ਕਾਰਨ ਸਮਝਦੀਆਂ ਹੁੰਦੀਆਂ ਸਨ, ਅੱਜ ਉਸੇ ਵੇਸ ਨੂੰ, ਸਗੋਂ ਉਸ ਤੋਂ ਭੀ ਵਧ ਕੇ ਸ਼ਰਮਨਾਕ ਵੇਸ ਨੂੰ ਪਹਿਨਣਾ ਅਸਾਡੇ ਗ੍ਰਿਹਸਤ ਧਰਮ ਦੀਆਂ ਇਸਤ੍ਰੀਆਂ, ਮਾਵਾਂ, ਧੀਆਂ, ਭੈਣਾਂ, ਬੜਾ ਫਖਰ ਸਮਝ ਕੇ ਪਹਿਨਦੀਆਂ ਹਨ। ਉਹਨਾਂ ਦੇ ਮੂੜ੍ਹ ਘਰ-ਵਾਲੇ, ਕਾਮ-ਵਿਆਪੇ ਕਸੁਧ ਨਰ ਮਨੁਖ ਭੀ ਅਜਿਹੇ ਵੇਸ ਆਪਣੀਆਂ ਜੋਰੂਆਂ, ਪਠੋਰੂਆਂ ਨੂੰ ਪਹਿਰਾਉਣਾ ਹਮਾਕਤ ਭਰਿਆ ਫ਼ਖ਼ਰ ਸਮਝਦੇ ਹਨ। ਏਹਨਾਂ ਨੂੰ ਸ਼ਰਮ ਨਹੀਂ ਆਉਂਦੀ, ਖ਼ਾਸ ਕਰ ਅਸਾਡੇ ਕਹਿਵਤੀ ਸਿਖ ਸਦਾਉਣ ਵਾਲੇ ਫ਼ੈਸ਼ਨ-ਪੂਜ ਸਿਖੜਿਆਂ ਨੂੰ ਸ਼ਰਮ ਨਹੀਂ ਆਉਂਦੀ, ਜ਼ਦੋਂ ਏਹਨਾਂ ਦੀਆਂ ਧੀਆਂ ਭੈਣਾਂ ਅਤੇ ਘਰ ਵਾਲੀਆਂ ਲੰਮੀਆਂ ਲੰਮੀਆਂ ਗੁਤਾਂ ਲਮਕ ਕੇ ਅਤੇ ਨੰਗੇ ਸਿਰ ਕਰ ਕਰ ਕੇ ਸਰੇ ਬਾਜ਼ਾਰ ਖੁਲ੍ਹੇ ਝਾਟਿਆਂ ਵਿਚ ਧੂੜ ਧੁਮਾਂਦੀਆਂ ਫਿਰਦੀਆਂ ਹਨ, ਅਤੇ ਉਹ ਹਰ ਸਵੇਰੇ ਧਰਮਸਾਲੇ ਜਾ ਕੇ ਸ੍ਰੀ ਆਸਾ ਜੀ ਦੀ ਵਾਰ ਦੀਆਂ ਇਹ ਤੁਕਾਂ ਪੜ੍ਹਦੇ, ਸੁਣਦੇ; ਗਾਉਂਦੇ ਹਨ :—

ਉਡਿ ਉਡਿ ਰਾਵਾ ਝਾਟੇ ਪਾਇ ॥ ਵੇਖਹਿ ਲੋਕੁ ਹਸਹਿ ਘਰਿ ਜਾਇ ॥੨॥(੫)

ਆਸਾ ਦੀ ਵਾਰ, ੪੬੫

ਖੁੱਲ੍ਹੇ ਝਾਟੇ ਹੀ ਨਹੀਂ, ਖੁਲ੍ਹੇ ਨੰਗੇਜ ਭੀ ਅੱਜ ਕਲ੍ਹ ਦਾ ਬੇਸ਼ਰਮੀ ਭਰਿਆ ਫ਼ੈਸ਼ਨ ਬਣ ਗਿਆ ਹੈ। ਮੋਢਿਆਂ ਤਾਈਂ ਡੌਲੇ ਨੰਗੇ, ਗਲੇਵੇਂ ਤੋਂ ਹੇਠਾਂ ਚਾਰ ਚਾਰ ਇੰਚ ਛਾਤੀ ਨੰਗੀ ਰਖਣੀ, ਸਾਰੀ ਗਰਦਨ ਨੰਗੀ ਰਖਣੀ—ਅੱਜ ਕਲ੍ਹ ਦਾ ਆਮ ਰਿਵਾਜੀ ਫ਼ੈਸ਼ਨ ਹੋ ਗਿਆ ਹੈ, ਜੋ ਨਿਰਾ ਬੇਸ਼ਰਮੀ ਭਰਿਆ ਫ਼ੈਸ਼ਨ ਹੈ। ਮਹੀਨ ਮਲਮਲ ਦੀਆਂ ਝੱਗੀਆਂ (ਅਧ-ਕੁੜਤੀਆਂ) ਪਾਉਣਾ, ਜਿਸ ਵਿਚ ਦੀ ਸਾਰ-ਪਾਰ ਸਾਰਾ ਬਦਨ ਦਿਸੇ, ਬੇਹਯਾਈ ਭਰਿਆ ਵੇਸ ਬਣਿਆ ਹੋਇਆ ਹੈ। ਏਸ ਤੋਂ ਭੀ ਵਧ ਕੇ ਭਿਅੰਕਰ ਸ਼ਰਮਨਾਕ ਬੇਹਯਾਈ ਇਹ ਭੀ ਆਮ ਵਡੇ ਵਡੇ ਸ਼ਹਿਰਾਂ ਵਿਚ ਦੇਖੀ ਗਈ ਹੈ ਕਿ ਮੋਟੇ ਪਟ ਤਾਈਂ ਸਾਰੀਆਂ ਟੰਗਾਂ ਨੰਗੀਆਂ, ਪਿਠ ਪਿਛੇ ਮਘੋਰੇ ਰਖੇ ਹੋਏ (ਕਿ ਗੋਰੀਆਂ ਪਿਠ-ਚਮੜੀਆਂ ਨੂੰ ਆਮ ਲੁਕਾਈ ਖੁਲ੍ਹਮ ਖੁਲ੍ਹੀ ਦੇਖੇ), ਢਾਕਾਂ ਨੰਗੀਆਂ, ਪਿਛ-ਲਾਕਾਂ ਨੰਗੀਆਂ। ਦਸੋ ਬਾਕੀ ਰਹਿ ਕੀ ਗਿਆ? ਪਿਛਲੇ ਜ਼ਮਾਨੇ ਦੀਆਂ ਕੰਜਰੀਆਂ ਭੀ ਅਜਿਹੇ ਬੇਸ਼ਰਮੀ ਦੇ ਵੇਸ ਪਹਿਰਦੀਆਂ ਸ਼ਰਮਾਉਂਦੀ ਸਨ। ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾਉਣ ਨੂੰ, ਪਰ ਓਦੂੰ ਭੀ ਵਧੀਕ ਰੀਝਾਉਣ ਨੂੰ, ਅੱਜ ਕਲ੍ਹ ਜਾਲੀਦਾਰ ਚੁੰਨੀਆਂ ਚਲੀਆਂ ਹਨ, ਜੋ ਅੱਧ-ਪਚੱਧ ਹੀ ਨੰਗੇਜ਼ ਢਕਦੀਆਂ ਹਨ। ਇਸ ਜਾਲੀਦਾਰ ਚੁਨੀ ਵਿਚ ਹੀ ਮਾਠ-ਗੁੰਦਾਈਆਂ ਪਟੀਆਂ ਨੂੰ ਅਤੇ ਲਮਕਦੀਆਂ (ਇਸ਼ਕ-ਲੇਡੇ ਵਾਲੀਆਂ) ਗੁਤਾਂ ਨੂੰ ਦਿਖਾਉਣਾ ਬਦਮਾਸ਼, ਲੁਚਤਾਂ, ਗੁੰਡਿਆਂ ਨੂੰ ਝਟਕਾਉਣ ਦਾ ਨਵਾਂ ਪਰਚਾਵਾ ਪਰਚਲਤ ਹੋਇਆ ਹੈ, ਜੋ ਨਿਰਾ ਹੀ ਕੰਜਰ-ਪੁਣਾ ਹੈ।

ਅਸਾਡੀਆਂ ਗੁਰੂ ਘਰ ਦੀਆਂ ਸਦਵਾਉਣ ਵਾਲੀਆਂ ਯੁਵਤੀਆਂ. ਇਸ ਨਿਰੇ ਲੁੱਚਪਣੇ ਦੇ ਵੇਸ ਦੀ ਨਕਲ ਕਰਨ ਨੂੰ ਤਾਂ ਮਨ-ਮੰਨੀ ਵਡਿਆਈ ਸਮਝਦੀਆਂ ਹਨ, ਪਰ ਜੇ ਉਹਨਾਂ ਨੂੰ ਕਹੋ ਕਿ ਗੁਰੂ ਕੀ ਰਹਿਤ ਰਖੋ, ਸਾਦ-ਮੁਰਾਦੇ ਗੁਰਮੁਖੀ ਬਾਣੇ ਓਢੋ, ਸੀਸ ਤੇ ਦਸਤਾਰ ਸਜਾਓ ਤਾਂ ਸੌ ਘੜਾ ਪਾਣੀ ਦਾ ਉਹਨਾਂ ਦੇ ਸਿਰ ਤੇ ਪੈ ਜਾਂਦਾ ਹੈ, ਅਤੇ ਬੱਜਰ ਭਾਰ ਸਿਰ ਤੇ ਆ ਪੈਂਦਾ ਹੈ। ਤਾਂ ਤੇ ਇਹ ਮਨ ਦੀ ਮੱਤ ਦੀ ਸਿੱਖੀ ਹੀ ਹੋਈ, ਗੁਰ-ਮਤਿ ਗੁਰੂ ਕੀ ਸਿੱਖੀ ਤਾਂ ਨਾ ਹੋਈ, ਉਕੀ ਹੀ ਨਾ ਹੋਈ। ਉਹਨਾਂ ਨੇ ਗੁਰੂ ਘਰ ਦੇ ਇਤਿਹਾਸ ਪੜ੍ਹੇ ਹੋਣ ਤਾਂ ਉਹਨਾਂ ਨੂੰ ਪਤਾ ਲਗੇ ਕਿ ਕਿਵੇਂ ਸ੍ਰੀ ਦਸਮੇਸ਼ ਗੁਰੂ ਸੱਚੇ ਪਾਤਸ਼ਾਹ ਆਪਣੇ ਹਥੀਂ ਮਾਤਾ ਭਾਗ ਕੌਰ ਵਰਗੀਆਂ ਸੁਭਾਗ ਭੁਝੰਗਣਾਂ ਦੇ ਸੀਸ ਤੇ ਨਿਜ ਕਰ-ਕੰਵਲਾਂ ਦੁਆਰਾ ਦਸਤਾਰੇ ਸਜਾਉਂਦੇ ਰਹੇ, ਅਤੇ ਕਿਵੇਂ ਅਸਾਡੀਆਂ



www.AKJ.Org

ਪੁਰਾਤਨ ਮਾਵਾਂ ਭੈਣਾਂ ਜੁਧਾਂ-ਜੰਗਾਂ ਵਿਚ ਆਪਣੇ ਸੂਰਬੀਰ ਸਿੰਘਾਂ ਵੀਰਾਂ ਦੇ ਸੰਗ-ਸਾਥ ਮੋਢੇ ਨਾਲ ਮੋਢਾ ਡਾਹ ਕੇ, ਸੀਸਾਂ ਤੇ ਦੁਮਾਲੇ (ਦਸਤਾਰੇ) ਸਜਾ ਕੇ ਅਤੇ ਅਰਾਕਿਆਂ ਤੇ ਸਵਾਰ ਹੋ ਕੇ ਦੁਸ਼ਮਨਾਂ ਦਾ ਮੁਕਾਬਲਾ ਕਰਦੀਆਂ ਰਹੀਆਂ ਅਤੇ ਦਿਗ-ਬਿਜੈ (ਫਤਹ) ਹਾਸਲ ਕਰਦੀਆਂ ਰਹੀਆਂ। ਅੱਜ ਕਲ੍ਹ ਦੀਆਂ ਕਿਰਾੜ-ਫ਼ੈਸਨ ਗੁੱਡੀਆਂ, ਪਟੋਲੜੀਆਂ, ਲਾਲੀਆਂ ਐਸਾ ਕਰ ਸਕਦੀਆਂ ਹਨ ? ਕਦਾਚਿਤ ਨਹੀਂ ? ਤਿਨ੍ਹਾਂ ਨੂੰ ਤਾਂ ਲੰਮੀਆਂ ਗੁੱਤਾਂ ਤੋਂ ਫੜ ਕੇ ਹੀ ਗਨੀਮ ਘੜੀਸੀ ਫਿਰਨ। ਐਵੇਂ ਹੀ ਕਾਬੂ ਆ ਜਾਣ। ਓਹਨਾਂ ਨੇ ਲੜਨਾ ਕੀ ਹੈ ? ਓਹਨਾਂ ਨੇ ਕੀ ਸ਼ਸਤ੍ਰ ਵਾਹਣੇ ਹਨ ? ਜਿਨ੍ਹਾਂ ਨੇ ਪੰਜ ਕਕਾਰਾਂ ਦੀ ਰਹਿਤ ਨੂੰ ਧਾਰਨ ਨਹੀਂ ਕੀਤਾ, ਓਹਨਾਂ ਨੇ ਸ਼ਸਤ੍ਰ ਕੀ ਧਾਰਨ ਕਰਨੇ ਹੋਏ ?

ਯਾਦ ਰਖੋ ਕਿ ਉਹੀ ਸਮਾਂ ਸਿਰ ਤੇ ਆਇਆ ਖੜਾ ਹੈ। ਸਿੰਘਾਂ ਦੇ ਨਾਲ ਮਿਲ ਕੇ ਅਸਾਡੀਆਂ ਸਿੰਘਣੀਆਂ ਭੈਣਾਂ ਨੂੰ ਜੰਗ ਦੇ ਜੌਹਰ ਦਿਖਾਣੇ ਪੈਣੇ ਹਨ। ਇਹ ਫੜੇ-ਫ਼ੈਸਨ ਸਭ ਲੁਕਾਉਣੇ ਪੈਣਗੇ, ਕੁਲ ਫ਼ੈਸ਼ਨ-ਪ੍ਰਸਤੀਆਂ ਸਭ ਝੜ ਪੈਣਗੀਆਂ। ਪੁਰਾਤਨ ਖ਼ਾਲਸੇ ਨੂੰ ਤਾਂ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਨੂੰ ਬਚਾਉਣ ਤੇ ਜ਼ਾਲਮਾਂ ਦੇ ਫੰਧਿਆਂ ਚੋਂ ਛੁਡਾਉਣੇ ਦੇ ਫ਼ਿਕਰ ਰਹਿੰਦੇ ਸਨ, ਹੁਣ ਵਕਤ ਪੈਣ ਤੇ ਅਸਾਨੂੰ ਆਪਣੀਆਂ ਹੀ ਨਿਜ ਯੁਵਤੀਆਂ ਨੂੰ ਸੰਭਾਲਣਾ ਮੁਸ਼ਕਲ ਹੋ ਜਾਉ।

੧੯੪੭ ਦੇ ਫ਼ਸਾਦਾਂ ਵਿਚ ਅਨੇਕਾਂ ਸਿਖ ਬੀਬੀਆਂ ਭੈਣਾਂ ਪਰ ਹਮਲੇ ਹੋਏ, ਉਨ੍ਹਾਂ ਵਿਚੋਂ ਅਨੇਕਾਂ ਹੀ ਅਜੇ ਤਕ ਪਾਕਿਸਤਾਨ ਵਿਚ ਹਨ। ਕਦੇ ਸੁਣਿਆ ਹੈ, ਕਦੇ ਕਿਸੇ ਇਤਿਹਾਸ ਵਿਚ ਪੜ੍ਹਿਆ ਹੈ ਕਿ ਪੁਰਾਤਨ ਸਿੰਘ ਅਤੇ ਸੂਰਬੀਰ, ਸਿੰਘਣੀਆਂ ਭੁਝੰਗਣਾਂ ਨੂੰ ਛੁਡਾਉਣ ਲਈ ਧਾਵੇ ਕਰਦੇ ਹੁੰਦੇ ਸਨ ? ਇਹੀ ਸੁਣਿਆ ਪੜ੍ਹਿਆ ਹੈ ਕਿ ਮਜ਼ਲੂਮ ਹਿੰਦੂਆਂ ਦੀਆਂ ਅਬਲਾਵਾਂ ਨੂੰ ਜ਼ਾਲਮਾਂ ਦੇ ਪੰਜੇ ਤੋਂ ਛੁਡਾਉਣ ਲਈ ਸਿੰਘ ਧਾਵੇ ਕਰਦੇ ਹੁੰਦੇ ਸਨ, ਅਤੇ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਨੂੰ ਛੁਡਾ ਕੇ ਆਪੋ ਆਪਣੇ ਘਰਾਣਿਆਂ ਵਿਚ ਪਹੁੰਚਾਉਂਦੇ ਹੁੰਦੇ ਸਨ। ਸਿੰਘਣੀਆਂ, ਬੀਬੀਆਂ, ਭੁਝੰਗਣਾਂ ਕਦੇ ਜ਼ਾਲਮਾਂ ਦੇ ਪੰਜੇ ਵਿਚ ਫਸਦੀਆਂ ਹੀ ਨਹੀਂ ਸਨ। ਫਸਣ ਤਾਂ ਤਦੇ ਜੇ ਉਹ ਨਿਹੱਥੀਆਂ ਹੋਣ। ਫਸਣ ਤਾਂ ਤਦੇ ਜੇ ਉਹਨਾਂ ਦੇ ਸੀਸਾਂ ਤੇ ਦਸਤਾਰੇ ਨਾ ਹੋਣ। ਉਹ ਤਾਂ ਸਨੱਧ-ਬੱਧ ਹੋ ਕੇ ਸਿੰਘਾਂ ਭਰਾਵਾਂ ਦੇ ਸ਼ਾਨਾ-ਬਸ਼ਾਨਾ ਜ਼ਾਲਮਾਂ ਨਾਲ ਲੜਦੀਆਂ ਹੁੰਦੀਆਂ ਸਨ, ਸਗੋਂ ਆਨਮੱਤਣਾਂ ਆੜ ਫਾਸਣਾਂ (ਜ਼ਾਲਮਾਂ ਦੇ ਜਾਲ ਵਿਚ ਫਸੀਆਂ ਹੋਈਆਂ) ਹਿੰਦਵੈਣੀਆਂ ਬਹੂਆਂ ਬੇਟੀਆਂ ਨੂੰ ਆਪਣੇ ਸਿੰਘਾਂ ਵੀਰਾਂ ਦੇ ਨਾਲ ਜਾ ਕੇ, ਧਾ ਕੇ, ਛੁਡਾ ਕੇ ਲਿਆਉਂਦੀਆਂ ਹੁੰਦੀਆਂ ਸਨ। ਕਦੇ ਸੁਣਿਆ ਸੀ ਕਿ ਸਿੰਘਣੀਆਂ ਜਾ ਕੇ ਜਰਵਾਣਿਆਂ ਦੇ ਕਬਜ਼ਿਆਂ ਵਿਚ ਫਸੀਆਂ ਹੋਣ ? [ 'ਸਿੰਘਾਂ ਦਾ ਪੰਥ ਨਿਰਾਲਾ'' ਟ੍ਰੈਕਟ ਵਿਚੋਂ

## ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਪਾਸ ਆਖ਼ਰੀ ਬੇਨਤੀ

ਕਾਗਜ਼ ਛਪਾਈ ਆਦਿ ਦੇ ਖ਼ਰਚੇ ਵਧਣ ਕਾਰਨ 22-10-81 ਤੋਂ ਚੰਦਾ 15/–ਰੁਪਏ ਕੀਤਾ ਗਿਆ ਸੀ। ਪੁਰਾਣੇ ਮੈਂਬਰਾਂ ਦੀ ਅਮਾਨਤੀ ਰਕਮ ਜੋ ਬੈਂਕ ਵਿਚ ਜਮ੍ਹਾ ਹੈ, ਉਸ ਵਿਚ ਪੰਜਾਹ ਪੰਜਾਹ ਰੁਪਏ ਹੋਰ ਜਮ੍ਹਾ ਹੋਣ ਤਾਂ ਉਸ ਦੇ ਸੂਦ ਨਾਲ ਚੰਦਾ ਪੂਰਾ ਹੁੰਦਾ ਹੈ। ਕਈ ਵਾਰ ਬੇਨਤੀਆਂ ਕਰਨ ਦੇ ਬਾਵਜੂਦ ਜਿਨ੍ਹਾਂ ਸਜਣਾਂ ਵਲੋਂ ਅਮਾਨਤ ਖਾਤੇ ਦੇ ਹੋਰ ਪੰਜਾਹ ਰੁਪਏ ਅਜੇ ਤਕ ਨਹੀਂ ਪੁਜੇ, ਉਨ੍ਹਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਪਰਚੇ ਤੋਂ ਬਾਅਦ ਉਨ੍ਹਾਂ ਦਾ ਪਰਚਾ ਓਦੋਂ ਤਕ ਬੰਦ ਰਹੇਗਾ ਜਦ ਤਕ ਉਨ੍ਹਾਂ ਵਲੋਂ 50/–ਰੁਪਏ ਪੁਜ ਨਹੀਂ ਜਾਂਦੇ।

ਜੇ ਉਹ ਚਾਹੁਣ ਤਾਂ ਆਪਣੀ ਅਮਾਨਤ ਵਾਪਸ ਲੈ ਸਕਦੇ ਹਨ। ਉਨ੍ਹਾਂ ਦਾ ਪੱਤਰ ਪੁਜਣ ਤੇ ਨਵੰਬਰ 81 ਤੋਂ ਵਾਧੂ ਚੰਦਾ ਤੇ ਮਨੀਆਰਡਰ ਫ਼ੀਸ ਕਟ ਕੇ ਬਾਕੀ ਰਕਮ ਉਨ੍ਹਾਂ ਨੂੰ ਭੇਜ ਦਿਤੀ ਜਾਵੇਗੀ।

ਦਾਸਰਾ–ਮੈਨੇਜਰ 'ਸੂਰਾ'



www.AKJ.Org

# ਸੰਤ ਕਾ ਮਾਰਗ—੧

[ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥੫੩॥
ਸੋਰਠਿ ਮ: ੫—੬੨੨

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਮਤਿ ਮਾਰਗ ਦਰਸ਼ਨ ਦੇ ਸੰਬੰਧ ਵਿੱਚ ਫੁਰਮਾਉਂਦੇ ਹਨ ਕਿ ਸਤਿਗੁਰੂ ਸਾਹਿਬਾਨ ਦਾ ਅਧਿਆਤਮਕ ਮਾਰਗ ਧਰਮ ਦਾ ਮਾਰਗ ਹੈ। ਸਵਾਲ ਪੈਦਾ ਹੁੰਦਾ ਹੈ ਕਿ 'ਧਰਮ' ਹੈ ਕੀ? ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ 'ਧਰਮ' ਨੂੰ ਇਕ ਨਾਲੋਂ ਵਧੀਕ ਅਰਥਾਂ ਵਿੱਚ ਵਰਤਿਆ ਗਿਆ ਹੈ। ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਅਨੁਸਾਰ ਧਰਮ ਦੇ ਅਰਥ ਹਨ :

ਪਵਿਤਰ ਨਿਯਮ, ਸ਼ੁਭ ਕਰਮ, ਮਜ਼ਹਬ ਜਾਂ ਦੀਨ, ਰਿਵਾਜ, ਕੁਲ ਜਾਂ ਦੇਸ਼ ਦੀ ਰੀਤ, ਫ਼ਰਜ਼, ਇਨਸਾਫ਼, ਪ੍ਰਕ੍ਰਿਤੀ ਅਤੇ ਧਰਮਰਾਜਾ।

ਇਸ ਰੋਸ਼ਨੀ ਵਿੱਚ ਉਪਰੋਕਤ ਗੁਰ ਫ਼ੁਰਮਾਨ ਦੇ ਕੀ ਅਰਥ ਕੀਤੇ ਜਾਣ? ਇਨ੍ਹਾਂ ਵਿੱਚੋਂ ਕਿਸੇ ਅਰਥ ਦੇ ਕੀਤਿਆਂ ਗੱਲ ਬਣਦੀ ਨਹੀਂ। ਮੱਤ ਜਾਂ ਦੀਨ ਦੇ ਅਰਥਾਂ ਨਾਲ ਵੀ ਧਰਮ ਦੇ ਅਰਥ ਸਪਸ਼ਟ ਨਹੀਂ ਹੁੰਦੇ, ਕਿਉਂਕਿ ਇਹ ਅਰਥ ਬੜੇ ਸੀਮਤ ਜਿਹੇ ਲਗਦੇ ਹਨ। ਮਿਸਾਲ ਵਜੋਂ ਹੇਠ ਦਿੱਤੇ ਗੁਰ ਪ੍ਰਮਾਣ ਵਿੱਚ ਇਸ ਦੇ ਅੰਤਰੀਵ ਭਾਵ ਹੋਰ ਬਣਦੇ ਹਨ—

ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ ॥
ਸਵਯੇ ਸ੍ਰੀ ਮੁਖ ਬਾਕ੍ਯ ਮ: ੫—੧੩੮੭

ਪ੍ਰੋ: ਰਾਮ ਸਿੰਘ ਦੇ ਖੋਜ-ਪਤਰ "ਧਰਮ ਸ਼ਬਦ ਦੀ ਅਰਥ-ਪਰੰਪਰਾ ਤੇ ਗੁਰਬਾਣੀ" ਜੋ ਪੰਜਾਬੀ ਯੂਨੀਵਰਸਿਟੀ ਦੇ ਖੋਜ ਛਿਮਾਹੀ ਪਤ੍ਰਿਕਾ [ਨਾਨਕ ਪ੍ਰਕਾਸ਼ ਪਤ੍ਰਿਕਾ ਜੂਨ-ਦਸੰਬਰ ੮੨] ਨੇ ਛਾਪਿਆ, ਵਿੱਚ ਧਰਮ ਸੰਬੰਧੀ ਗੁਰਬਾਣੀ ਵਿੱਚ ਵਰਤੇ ਗਏ ਕੁਝ ਕੁ ਪ੍ਰਮਾਣਾਂ ਤੇ ਵਿਚਾਰ ਕੀਤਾ ਹੈ। ਗੱਲ ਕਿਸੇ ਸਿਰੇ ਨਹੀਂ ਲੱਗੀ। ਉਹਨਾਂ ਨੇ 'ਧਰਮ' ਸ਼ਬਦ ਦੇ ਪਿਛੋਕੜ ਵਿੱਚ ਪੁਰਾਤਨ ਵੈਦਿਕ ਕਾਲ ਤੋਂ ਵਰਤੇ ਜਾਂਦੇ ਦੋ ਸ਼ਬਦਾਂ 'ਰਿਤੁ' ਤੇ 'ਵ੍ਰਤ' ਸੁਝਾਏ ਹਨ, ਜਿਨ੍ਹਾਂ ਦੀ ਲੰਬੀ ਚੌੜੀ ਪ੍ਰੀਭਾਸ਼ਾ ਵਿੱਚ ਧਰਮ ਦੇ ਬਹੁਤ ਸਾਰੇ ਅਰਥ ਆ ਜਾਂਦੇ ਹਨ।

'ਰਿਤੁ' ਦੇ ਅਰਥ ਪ੍ਰਮੁਖ ਰੂਪ ਵਿੱਚ ਸਥਾਪਤ ਨਿਜ਼ਾਮ, ਸਭ ਰੀਤਾਂ ਦਾ ਕੇਂਦਰੀ ਤੱਤ, ਜਾਂ ਸ਼ੁਭ ਮਾਰਗ ਮੰਨਿਆ ਗਿਆ ਹੈ। ਇਸੇ ਤਰ੍ਹਾਂ 'ਵ੍ਰਤ' ਦੇ ਅਰਥ ਪ੍ਰਣ, ਰਹਿਤ ਮਰਯਾਦਾ, ਕਰਮਕਾਂਡ, ਕਰਤਵ, ਪੂਜਾ ਦੇ ਨਿਸਚਿਤ ਢੰਗ, ਰੀਤਾਂ-ਰਿਵਾਜ ਆਦਿ ਕੀਤੇ ਗਏ ਹਨ। ਪਰ 'ਵ੍ਰਤ' ਤੇ 'ਧਰਮ' ਦੇ ਅਰਥਾਂ ਵਿੱਚ ਕਾਫ਼ੀ ਫ਼ਰਕ ਲਗਦਾ ਹੈ।

'ਵ੍ਰਤ' ਦਾ ਸੰਬੰਧ ਬਹੁਤਾ ਕਰਮ-ਕਾਂਡ ਨਾਲ ਹੁੰਦਾ ਹੈ। ਵੱਖੋ ਵੱਖ ਮਤ-ਮਤਾਂਤਰਾਂ ਦੇ ਬਾਹਰਲੇ ਸਰੂਪ ਦੇਸ਼ ਕਾਲ ਤੇ ਵਾਤਾਵਰਣ ਅਨੁਕੂਲ ਬਣ ਜਾਂਦੇ ਹਨ। ਇਸ ਨੂੰ 'ਵ੍ਰਤ' ਕਿਹਾ ਜਾਂਦਾ ਹੈ। ਪਰ ਇਨ੍ਹਾਂ ਵਿੱਚ ਬੁਨਿਆਦੀ ਗੱਲ ਇਹ ਹੈ ਕਿ ਹਰ ਕਿਸਮ ਦੇ ਵ੍ਰਤ ਦਾ ਆਪਣਾ ਨਿਸਚਿਤ ਢੰਗ ਹੈ, ਪੂਜਾ ਦਾ, ਰਹਿਤ-ਰਹਿਣੀ ਦਾ, ਤੇ ਉਸ ਵਿੱਚ ਬਾਕਾਇਦਗੀ ਤੇ ਜ਼ੋਰ ਦਿੱਤਾ ਜਾਂਦਾ ਹੈ। ਗੁਰੂ-ਘਰ ਵਿੱਚ ਦ੍ਰਿੜ੍ਹਾਈ ਜਾਂਦੀ ਸਮੁੱਚੀ ਮਰਯਾਦਾ ਇਕ 'ਵ੍ਰਤ' ਹੈ, ਇਕ ਪ੍ਰਣ ਹੈ, ਜੋ ਅੰਮ੍ਰਿਤ ਪਾਨ ਕਰਨ ਸਮੇਂ ਸਿਖ ਲੈਂਦਾ ਹੈ ਤੇ ਉਸ ਤੇ ਬਾਕਾਇਦਗੀ ਨਾਲ ਅਮਲ ਕਰਦਾ ਹੈ। ਪਰ 'ਵ੍ਰਤ' ਵ੍ਰਤ ਹੁੰਦਾ ਹੈ। ਗੁਰੂ ਸਾਹਿਬਾਨ ਨੇ ਧਰਮ ਦੇ ਅਰਥਾਂ ਨੂੰ ਵ੍ਰਤ ਨਾਲੋਂ ਨਿਖੇੜਿਆ ਹੈ। ਜਿੱਥੇ ਧਰਮ ਦੇ ਅਰਥ ਵ੍ਰਤ ਦੇ ਬਣਦੇ ਹਨ ਉੱਥੇ ਉਸ ਨੂੰ ਸਪਸ਼ਟ ਕਰਕੇ ਲਿਖ ਦਿੱਤਾ ਹੈ :—



www.AKJ.Org

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ (ਸੂਹੀ ਮ: ੫–੭੪੭)

ਭਾਵ ਸਪਸ਼ਟ ਹੈ ਕਿ ਜੇ ਮਨੁੱਖ ਕੇਵਲ 'ਵ੍ਰਤ' ਦੇ ਆਸਰੇ ਹੀ ਜੀਉਂਦਾ ਰਹੇ ਤਾਂ ਉਸ ਨੂੰ ਜ਼ਰੂਰ ਜਮਾਂ ਦਾ ਸਾਹਮਣਾ ਕਰਨਾ ਪਏਗਾ। ਬ੍ਰਾਹਮਣੀ ਮਤ ਨੇ ਵ੍ਰਤ ਨੂੰ ਧਰਮ ਮੰਨ ਕੇ, ਲੋਕਾਂ ਨੂੰ ਕਰਮ-ਧਰਮ, ਵਰਤ-ਨੇਮ, ਸੁਚ-ਸੰਜਮ ਤੇ ਬਾਕਾਇਦਗੀ ਨਾਲ ਪਹਿਰਾ ਦੇਣ ਲਈ ਉਪਦੇਸ਼ ਦਿੱਤਾ ਅਤੇ ਇਸ ਦੇ ਬਦਲੇ ਉਨ੍ਹਾਂ ਨੂੰ ਸੰਸਾਰਕ ਦੁੱਖਾਂ ਤੋਂ ਮੁਕਤੀ ਤੇ ਸਵਰਗ ਦੇ ਸੁੱਖ ਆਰਾਮ ਮਾਨਣ ਦਾ ਅਵਸਰ ਦਿੱਤੇ ਜਾਣ ਦਾ ਭਰੋਸਾ ਦਿੱਤਾ। ਅੱਜ ਵੀ ਇਹੋ ਕਰਮ-ਧਰਮ ਭਾਰਤ ਦੇ ਬਹੁਗਿਣਤੀ ਸਮਾਜ ਦਾ ਧਰਮ ਹੈ। ਸਤਿਗੁਰੂ ਸਾਹਿਬਾਨ ਧਰਮ ਦੀ ਇਸ ਸੀਮਤ ਪ੍ਰੀਭਾਸ਼ਾ ਨਾਲ ਸਹਿਮਤ ਨਹੀਂ।

ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ੫ ॥ ੯ ॥ ਸੁਖਮਨੀ ਮਹਲਾ ੫–੨੭੪

ਕਿ ਇਸ ਪ੍ਰਕਾਰ ਦੇ ਧਰਮ ਰਾਹੀਂ ਜਾਂ ਹੋਰ ਜੁਗਤੀਆਂ ਰਾਹੀਂ ਵਾਹਿਗੁਰੂ ਜੀ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ।

ਸਤਿਗੁਰੂ ਸਾਹਿਬਾਨ ਨੂੰ ਇਹ ਭੀ ਪਤਾ ਸੀ ਕਿ ਹਰ ਜਾਤੀ, ਜਾਂ ਨਸਲ ਦੇ ਵੱਖੋ ਵੱਖ ਵ੍ਰਤ ਹੁੰਦੇ ਹਨ। ਪਰ ਉਹਨਾਂ ਦੀ ਨਿਗਾਹ ਸਦਾ ਬੁਨਿਆਦੀ ਕੇਂਦਰੀ ਬਿੰਦੂ ਤੇ ਰਹੀ ਹੈ। ਉਹਨਾਂ ਨੂੰ ਮਸੀਤ ਤੇ ਮੰਦਰ, ਪੂਜਾ ਤੇ ਨਿਮਾਜ਼ ਵਿੱਚ ਕੋਈ ਅੰਤਰ ਨਹੀਂ ਸੀ ਦਿੱਸਦਾ।

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ, ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥੮੬॥

ਫਿਰ :– ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ, ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ, ਸਬ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੋ ਜੋਤਿ ਜਾਨਬੋ ॥੮੫॥ ਅਕਾਲ ਉਸਤਤਿ, ਪਾ: ੧੦

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਇਥੇ "ਨਾ ਕੋਈ ਹਿੰਦੂ ਨ ਮੁਸਲਮਾਨ" ਦੇ ਐਲਾਨ ਦੇ ਨਾਲ ਹੀ ਫੁਰਮਾਇਆ :– ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥੩॥੧੨॥ (੪੬੯)

ਇਥੇ 'ਸਬਦੰ' ਦੇ ਅਰਥ 'ਧਰਮ' ਦੇ ਹਨ। ਸਤਿਗੁਰੂ ਸਾਹਿਬਾਨ ਹਰ ਉਸ ਧਰਮ ਨੂੰ ਚੰਗਾ ਕਹਿੰਦੇ ਸਨ ਜੋ ਆਪਣੇ ਅਨੁਆਈਆਂ ਨੂੰ ਪ੍ਰਭੂ ਵਲ ਪ੍ਰੇਰਦਾ ਹੈ। ਆਪਣੇ ਪ੍ਰਚਾਰ-ਦੌਰਿਆਂ ਜਾਂ ਆਪਣੇ ਕੇਂਦਰੀ ਅਸਥਾਨ ਤੇ ਭਿੰਨ ਭਿੰਨ ਮਤ-ਮਤਾਂਤਰਾਂ ਦੇ ਲੋਕਾਂ ਨੂੰ ਆਪ ਮਿਲਦੇ, ਉਹਨਾਂ ਦੇ ਧਰਮਾਂ ਨੂੰ ਸਮਝ ਕੇ ਉਹਨਾਂ ਨੂੰ ਸਿਰੇ ਦੀ ਗੱਲ ਦਸਦੇ ਕਿ ਸਮੂਹ ਧਰਮਾਂ ਦਾ ਨਿਸ਼ਾਨਾ 'ਵਾਹਿਗੁਰੂ' ਹੈ। ਉਸ ਨੂੰ ਜਾਹੇ ਕਿਸੇ ਨਾਮ ਨਾਲ ਪੁਕਾਰਿਆ ਜਾਏ। ਕਰਮ-ਧਰਮ ਕੇਵਲ 'ਵ੍ਰਤ' ਹਨ। ਇਹ ਪ੍ਰਭੂ ਵਲ ਵਧਣ ਲਈ ਸਹਾਈ ਤਾਂ ਹੋ ਸਕਦੇ ਹਨ, ਪਰ ਅੰਤਮ ਮੰਜ਼ਿਲ ਨਹੀਂ। ਬਦਕਿਸਮਤੀ ਦੀ ਗੱਲ ਇਹ ਹੈ ਕਿ ਅਜ ਭੀ ਬ੍ਰਾਹਮਣੀ ਮੱਤ ਨੇ 'ਵ੍ਰਤ' ਨੂੰ ਧਰਮ ਸਮਝ ਰਖਿਆ ਹੈ। ਸਦਾਚਾਰ ਜਾਂ ਪੂਜਾ ਦੇ ਖਾਸ ਢੰਗ ਧਰਮ ਦਾ ਅੰਗ ਤਾਂ ਹੋ ਸਕਦੇ ਹਨ, ਪਰ ਧਰਮ ਕੋਈ ਹੋਰ ਚੀਜ਼ ਹੈ। ਗੁਰੂ ਅਰਜਨ ਦੇਵ ਜੀ ਬੜੇ ਪਿਆਰ ਨਾਲ ਇਹ ਗੱਲ ਸਮਝਾ ਰਹੇ ਹਨ :–

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥



www.AKJ.Org

ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥

ਨ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥ —ਭੈਰਉ ਮ: ੫—੧੧੩੬

ਵ੍ਰਤਾਂ ਤੇ ਜ਼ੋਰ ਨਾ ਦੇ ਕੇ ਸਤਿਗੁਰੂ ਜੀ ਕੇਂਦਰੀ ਬਿੰਦੂ ਵਲ ਸੰਕੇਤ ਕਰਦੇ ਹਨ "ਏਕੋ ਸੇਵੀ ਅਵਰੁ ਨ ਦੂਜਾ"। ਗੁਰਮਤਿ ਅੰਦਰ ਸ਼ਿਫਤ-ਸਲਾਹ ਨੂੰ ਸਭ ਤੋਂ ਸ੍ਰੇਸ਼ਟ ਧਰਮ ਮੰਨਿਆ ਹੈ। ਇਹ ਅਜਿਹਾ ਕੇਂਦਰੀ ਧਰਮ ਹੈ ਜੋ ਹਰ ਮਨੁੱਖ ਧਾਰਨ ਕਰਦਾ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥

ਗਉੜੀ ਸੁਖਮਨੀ ਮ: ੫ —੨੬੬

ਇਸੇ ਵਿਚਾਰ ਨੂੰ ਹੋਰ ਵਧੇਰੇ ਸਪਸ਼ਟ ਕਰ ਕੇ ਗੁਰੂ ਤੇਗ ਬਹਾਦਰ ਜੀ ਫੁਰਮਾਂਉਦੇ ਹਨ :—

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥

ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥੨॥ ਰਾਮਕਲੀ ਮ: ੯—੯੦੨

ਸਤਿਗੁਰੂ ਸਾਹਿਬਾਨ ਦੀ ਭਾਰਤੀ ਧਰਮ-ਪਰੰਪਰਾ ਨੂੰ ਸਭ ਤੋਂ ਵੱਡੀ ਦੇਣ ਇਹੋ ਹੈ ਕਿ ਆਪਣੇ ਧਰਮ ਨੂੰ ਸਰਬ ਸਾਂਝਾ ਬੋਹਿਥ ਕਹਿ ਕੇ ਇਸ ਵਿਚ ਸਾਰੀ ਮਨੁੱਖਤਾ ਨੂੰ ਬਿਠਾ ਕੇ ਭਵ-ਸਾਗਰ ਤੋਂ ਪਾਰ ਉਤਾਰਨ ਦਾ ਮਹਾਨ ਉਦਮ ਅਰੰਭਿਆ ! ਇਤਿਹਾਸ ਗਵਾਹ ਹੈ ਕਿ ਸਤਿਗੁਰੂ ਸਾਹਿਬਾਨ ਨੇ ਇਸ ਮਹਾਨ ਬੇੜੇ ਵਿਚ ਹਰ ਵਰਗ, ਹਰ ਮਜ਼ਹਬ ਤੇ ਹਰ ਜਾਤੀ ਦੇ ਲੋਕਾਂ ਨੂੰ, ਬਿਨਾਂ ਕਿਸੇ ਨਸਲ ਜਾਂ ਲਿੰਗ ਦੇ ਵਿਤਕਰੇ ਦੇ, ਬਿਠਾ ਕੇ ਪਾਰ ਉਤਾਰਿਆ। ਇਹੋ ਕਾਰਨ ਸੀ ਕਿ ਭਾਰਤ ਵਿਚ ਕਟੜ ਮੁਸਲਮਾਨੀ ਹਕੂਮਤ ਦੇ ਹੁੰਦਿਆਂ ਹੋਇਆਂ ਭੀ ਆਪ ਨੂੰ ਹਰ ਮਜ਼ਹਬ ਦੇ ਲੋਕਾਂ ਨੇ ਸਤਿਕਾਰ ਦਿਤਾ। ਅਰਬ ਦੇਸ਼ਾਂ ਵਿਚ ਆਪ ਦੇ "ਇਕ ਅਕਾਲ ਦੀ ਪੂਜਾ" ਦੇ ਸਿਧਾਂਤ ਨੂੰ ਕਬੂਲਿਆ ਗਿਆ ਤੇ "ਨਾਨਕ ਵੱਡਾ ਪੀਰ ਹੈ" ਦਾ ਸਨਮਾਨ ਉਨ੍ਹਾਂ ਕਟੜ ਜਾਬਰ ਇਸਲਾਮੀ ਦੇਸ਼ਾਂ ਤੋਂ ਆਪ ਨੇ ਪ੍ਰਾਪਤ ਕੀਤਾ, ਜੋ ਹਿੰਦੁਸਤਾਨ ਦੇ ਹਰ ਧਰਮ ਦੇ ਲੋਕਾਂ ਨੂੰ ਕਾਫ਼ਰ ਕਹਿੰਦੇ ਸਨ।

ਇਉਂ ਸੋਲ੍ਹਵੀਂ ਸ਼ਤਾਬਦੀ ਵਿਚ ਸਤਿਗੁਰੂ ਸਾਹਿਬਾਨ ਨੇ ਮੁਸਲਮਾਨੀ ਤੇ ਬੇਦ-ਪੁਰਾਨੀ ਧਰਮ ਪਰੰਪਰਾਵਾਂ ਤੋਂ ਵਿਲੱਖਣ ਧਰਮ-ਧਾਰਾ ਦਾ ਪ੍ਰਵਾਹ ਚਲਾਇਆ, ਜਿਸ ਨੂੰ ਬਾਣੀ ਵਿਚ 'ਗੁਰ ਕਾ ਦਰਸ਼ਨ' ਆਖਿਆ ਗਿਆ ਹੈ। ਸ੍ਰੀ ਗੁਰੂ ਅਮਰ ਦਾਸ ਜੀ ਆਸਾ ਰਾਗ ਵਿਚ ਇਸ ਵਲ ਇਉਂ ਸੰਕੇਤ ਕਰਦੇ ਹਨ—

ਖਟੁ ਦਰਸਨ ਵਰਤੈ ਵਰਤਾਰਾ ॥ ਗੁਰ ਕਾ ਦਰਸਨੁ ਅਗਮ ਅਪਾਰਾ ॥੧॥

ਆਸਾ ਮ: ੩, ੩੬੦—੬੧

ਸ੍ਰੀ ਗੁਰੂ ਅਰਜਨ ਦੇਵ ਜੀ ਇਸੇ ਵਿਚਾਰ ਦੀ ਵਿਆਖਿਆ ਕਰਦੇ ਹਨ :—

ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥ ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥੧॥੨੫॥

ਆਸਾ ਮ: ੫—੩੭੭

ਸਪਸ਼ਟ ਹੈ, ਗੁਰੂ ਸਾਹਿਬਾਨ ਨੇ ਕਰਮ-ਧਰਮ ਦੇ ਸੌੜੇ ਘੇਰੇ ਵਿਚੋਂ ਮਨੁੱਖਤਾ ਨੂੰ ਕਢਣ ਦਾ ਜਤਨ ਕੀਤਾ ਹੈ। ਇਸ ਨੂੰ ਆਪ ਨੇ ਇਕ ਨਵਾਂ ਨਾਮ ਭੀ ਦਿਤੈ—ਸਾਚ-ਧਰਮ।

ਸਾਚ ਧਰਮ ਕਾ ਬੇੜਾ ਬਾਧਿਆ ਭਵਜਲੁ ਪਾਰਿ ਪਵਾਈ ॥੧੬॥ ਰਾਮਕਲ ਮ: ੫—੯੧੬

ਇਸ 'ਸਾਚ' ਵਿਸ਼ੇਸ਼ਣ ਦੀ ਖ਼ੂਬੀ ਇਹ ਹੈ ਕਿ ਸੱਚ ਕਦੀ ਪੁਰਾਣਾ ਨਹੀਂ ਹੁੰਦਾ।

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥੨॥੨੯॥ ਮ: ੩—੧੨੪੯

ਅਤੇ—ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥ (ਧਨਾਸਰੀ ਮ: ੧—੬੬੦)

ਸਦੀਆਂ ਤੋਂ ਕਰਮ-ਧਰਮ ਦੇ ਮਕੈਨਕੀ ਵਰਤ-ਵਰਤਾਰੇ ਦੀ ਮਨੁੱਖ ਨੂੰ ਇਕ ਆਦਤ ਪੈ ਜਾਂਦੀ ਹੈ। ਸਤਿਗੁਰੂ ਸਾਹਿਬਾਨ ਨੇ ਇਸ ਮਾਨਸਿਕ ਰੁਚੀ ਨੂੰ ਇਕ ਨਵਾਂ ਮੋੜ ਦਿਤਾ—ਅਦ੍ਰਿਸ਼ਟ ਵਾਹਿਗੁਰੂ ਜੀ ਲਈ ਪਿਆਰ



www.AKJ.Org

ਤੇ ਉਸ ਨੂੰ ਮਿਲਣ ਦੀ ਤਾਂਘ ਹੀ ਇਕੋ ਇਕ ਵਸੀਲਾ ਹੈ, ਜਿਸ ਨਾਲ ਪ੍ਰਭੂ ਵੱਸ ਆਉਂਦਾ ਹੈ। ਫੋਕੇ ਕਰਮ-ਧਰਮ ਤੋਂ ਅਜ ਦੀ ਮਨੁੱਖਤਾ ਹੰਭ ਗਈ ਭਾਸਦੀ ਹੈ :-

ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੯॥

ਤ੍ਵਪ੍ਰਸਾਦਿ ਸ੍ਰੀ ਮੁਖ ਸਵੈਯੇ ਪਾ: ੧੦

ਪਰ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਦੇ ਉਪਦੇਸ਼ ਵਿਚ ਇੱਕ ਨਵੀਨਤਾ ਹੈ। ਜਿਵੇਂ ਸਚੁ ਪੁਰਾਣਾ ਨਹੀਂ ਹੁੰਦਾ ਇਸੇ ਤਰ੍ਹਾਂ ਉਸ ਨਾਲ ਪਾਇਆ ਪਿਆਰ ਭੀ ਕਦੀ ਪੁਰਾਣਾ ਨਹੀਂ ਹੁੰਦਾ।

ਓਹੁ ਨੇਹੁ ਨਵੇਲਾ॥ ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥੧॥ਰਹਾਉ॥ ਆਸਾ ਮ: ੫-੪੦੭

ਕਰਮ ਧਰਮ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸ ਨਾਲ ਮਨ ਵਿੱਚ ਕੀਤੇ ਹੋਏ 'ਕਰਮ-ਵ੍ਰਤ' ਦਾ ਅਹੰਕਾਰ ਉਪਜ ਖੜੋਂਦਾ ਹੈ। ਅਹੰਕਾਰ ਹਰ ਮਨੁੱਖੀ ਮਨ ਦੀ ਡੂੰਘੀ ਤੇ ਦੀਰਘ ਸਮੱਸਿਆ ਹੈ। ਸਤਿਗੁਰੂ ਸਾਹਿਬਾਨ ਨੇ ਸਾਡਾ ਧਿਆਨ ਇਸ ਗੱਲ ਵੱਲ ਦਿਵਾਇਆ ਹੈ ਕਿ ਇਸ ਤੋਂ ਛੁਟਕਾਰਾ ਪਾਉਣ ਦਾ ਰਸਤਾ ਕਰਮ-ਧਰਮ ਨਹੀਂ ਹੈ।

ਪਾਂਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ ॥ ੧ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥ ਸੋਰਠਿ ਮ: ੫-੬੪੧

ਅਤੇ- ਬਰਤ ਨੇਮ ਸੰਜਮ ਮਹਿ ਰਹਤਾ, ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ, ਊਂਹਾ ਕਾਮਿ ਨ ਆਇਆ ॥ ੧ ॥੧੬੪ ॥

ਗਉੜੀ ਮ: ੫-੨੧੬

ਸੋ ਸੱਚ ਧਰਮ ਦੀ ਕਸੌਟੀ ਇਹ ਹੈ ਕਿ ਕਰਮ-ਧਰਮ ਦਾ ਜ਼ੂਲਾ ਉਤਾਰ ਕੇ ਕੇਵਲ 'ਸੱਚ' ਨਾਲ ਪਿਆਰ ਪਾਵੇ।

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਆਸਾ ਕੀ ਵਾਰ ਮ: ੧-੪੬੮

ਅਤੇ- ਸਚੁ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ ਆਸਾ ਕੀ ਵਾਰ-੪੬੮

ਸਚ-ਧਰਮ ਦੇ ਲੱਛਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਉਂ ਵਰਨਣ ਕੀਤੇ ਹਨ-

ਦੁਰਗਮ ਸਥਾਨ, ਸੁਗਮੰ, ਮਹਾ ਦੂਖ ਸਰਬ ਸੂਖਣਹ ॥
ਦੁਰਬਚਨ ਭੇਦ ਭਰਮੰ, ਸਾਕਤ ਪਿਸਨੰ ਤ ਸੁਰਜਨਹ ॥
ਅਸਿਥੰਤ ਸੋਗ ਹਰਖੰ, ਭੈ ਖੀਣੰਤ ਨਿਰਭਵਹ ॥
ਭੈ ਅਟਵੀਅੰ, ਮਹਾ ਨਗਰ ਬਾਸੰ, ਧਰਮ ਲਖ੍ਯਣ ਪ੍ਰਭ ਮਇਆ ॥੪੪॥

ਸਹਸਕ੍ਰਿਤੀ ਸਲੋਕ ਮ: ੫-੧੩੫੮

ਭਾਵ, ਜਿਸਦੇ ਹਿਰਦੇ ਅੰਦਰ ਸਚ-ਧਰਮ ਦਾ ਵਾਸਾ ਹੋ ਜਾਂਦਾ ਹੈ ਉਸ ਮਨੁੱਖ ਲਈ ਔਖੇ ਥਾਂ ਸੌਖੇ ਹੋ ਜਾਂਦੇ ਹਨ। ਮਹਾਨ ਦੁੱਖ ਭੀ ਸੁੱਖਾਂ ਵਿਚ ਬਦਲ ਜਾਂਦੇ ਹਨ। ਉਸ ਲਈ ਨਿੰਦਾ ਉਸਤਤ, ਬੋਲ-ਕੁਬੋਲ ਦਾ ਅੰਤਰਾ ਮਿਟ ਜਾਂਦਾ ਹੈ। ਸੱਚ-ਧਰਮ ਧਾਰਨ ਕਰਨ ਵਾਲਾ ਭ੍ਰਿਸ਼ਟ ਪਾਪੀ ਤੋਂ ਸਜਣ ਪੁਰਖ ਹੋ ਨਿਬੜਦਾ ਹੈ। ਫਿਰ ਉਹ ਦੁੱਖ ਸੁੱਖ ਨੂੰ ਸਮ ਕਰਕੇ ਜਾਣਦਾ ਹੈ। ਉਸ ਦੇ ਸਾਰੇ ਡਰ-ਤੌਖਲੇ ਖ਼ਤਮ ਹੋ ਜਾਂਦੇ ਹਨ। ਉਹ ਕੁਦਰਤ ਨਾਲ ਐਸਾ ਸੁਰ ਹੁੰਦਾ ਹੈ ਕਿ ਜੰਗਲ ਬੀਆਬਾਨ ਭੀ ਉਸਨੂੰ ਘੁੱਗ ਵਸਦੇ ਨਗਰ ਭਾਸਦੇ ਹਨ। ਇਹ ਹਨ ਧਰਮ ਦੇ ਲੱਛਣ।



www.AKJ.Org

# ਸਿਖ ਧਰਮ ਦੀ ਅਜ਼ਮਾਇਸ਼ ਸਦਾ ਹੁੰਦੀ ਰਹੀ ਹੈ

[ਭਾਈ ਹਰਭਜਨ ਸਿੰਘ ਜੀ, ੧੯੬੭-ਰੇਲਵੇ ਰੋਡ, ਨਕੋਦਰ]

ਇਸ ਸੰਸਾਰ ਵਿਚ ਜਦੋਂ ਤੋਂ ਸਿਖ-ਧਰਮ ਹੋਂਦ ਵਿਚ ਆਇਆ ਹੈ, ਓਦੋਂ ਤੋਂ ਹੀ ਇਸਨੂੰ ਖ਼ਤਮ ਕਰਨ ਜਾਂ ਆਪਣੇ ਵਿਚ ਸਮੇਟਣ ਦੇ, ਫ਼ਿਰਕੂ ਅਤੇ ਮੁਤੱਸਬੀ ਲੋਕਾਂ ਵਲੋਂ ਕੋਝੇ, ਭੈੜੇ ਅਤੇ ਨਿੰਦਨੀਯ ਜਤਨ ਹੁੰਦੇ ਆ ਰਹੇ ਹਨ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਵੀ ਸਿਖ-ਮਾਰੂ-ਨੀਤੀ ਵਿਚ ਪਿਛੇ ਰਹਿਣ ਦੀ ਕੋਈ ਕਸਰ ਨਹੀਂ ਛਡੀ। ਪਰ ਇਤਿਹਾਸ ਸਾਖੀ ਭਰਦਾ ਹੈ ਕਿ ਸਿਘਾਂ ਨੂੰ "ਮੁੱਠੀ-ਭਰ ਲੋਕਾਂ ਦਾ ਟੋਲਾ" ਕਹਿ ਕਹਿ ਕੇ ਖ਼ਤਮ ਕਰਦੀਆਂ ਕਰਦੀਆਂ ਸਰਕਾਰਾਂ ਆਪ ਤਾਂ ਸਦਾ ਲਈ ਖ਼ਤਮ ਹੋ ਗਈਆਂ ਪਰ ਇਹ ਸਿੰਘ ਆਪਣੀ ਅਣਖ, ਖਾਲਸਈ ਭੇਸ ਅਤੇ ਸਦਾ ਚੜ੍ਹਦੀ ਕਲਾ ਵਿਚ ਵਧਦੇ ਫੁਲਦੇ ਹੀ ਰਹੇ ਹਨ।

ਸਿੱਖੀ ਇਕ ਸ਼ਮ੍ਹਾ ਹੈ, ਜਿਸ ਦੀ ਜੋਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਵਿਤਰ ਹੱਥਾਂ ਨਾਲ ਪ੍ਰਜਵੱਲਤ ਕੀਤੀ, ਪੰਚਮ ਪਾਤਸ਼ਾਹ ਤੇ ਨੌਵੇਂ ਸਤਿਗੁਰੂ ਜੀ ਨੇ ਆਪਣੀ ਚਰਬੀ ਪਾ ਕੇ, ਅਤੇ ਦਸਮ ਪਿਤਾ ਜੀ ਨੇ ਆਪਣਾ ਸਰਬੰਸ ਮਾਤਾ ਪਿਤਾ, ਜਿਗਰ ਦੇ ਟੋਟੇ ਨੌਨਿਹਾਲ ਪੁਤਰ ਅਤੇ ਪਿਆਰੇ ਸਿੰਘਾਂ ਦਾ ਖ਼ੂਨ ਪਾ ਕੇ, ਇਸ ਸ਼ਮ੍ਹਾ ਨੂੰ ਅਮਰ ਤੇ ਅਮਿਟ ਬਣਾਇਆ ਅਤੇ ਸੰਸਾਰ ਭਰ ਦੇ ਇਤਿਹਾਸ ਵਿਚ ਇਕ ਜੀਉਂਦੀ-ਜਾਗਦੀ ਮਿਸਾਲ ਕਾਇਮ ਕਰ ਦਿਤੀ, ਜੋ ਕਿ ਆਉਣ ਵਾਲੇ ਸਮੇਂ ਵਿਚ ਖਾਲਸਾ ਪੰਥ ਨੂੰ ਯੋਗ ਅਗਵਾਈ ਦਿੰਦੀ ਰਹੇਗੀ।

ਦਿਲੀ ਦੇ ਤਖਤ ਨੇ ਹਮੇਸ਼ਾ ਹੀ "ਆਟੇ ਵਿਚ ਲੂਣ ਬਰਾਬਰ" ਦੇਸ਼-ਭਗਤ ਸਿਖ ਕੌਮ ਨਾਲ ਰਜ ਕੇ ਧ੍ਰੋਹ ਕਰਸਇਆ। ਖਾਲਸਾ ਜੀ ਨੂੰ ਸਦਾ ਹੀ ਆਪਣੀ ਅਜ਼ਾਦ ਹਸਤੀ ਕਾਇਮ ਰਖਣ ਲਈ, ਆਪਣੀਆਂ ਜਾਨਾਂ ਦੀਆਂ ਅਹੂਤੀਆਂ ਪਾਉਣੀਆਂ ਪਈਆਂ ਹਨ, ਪਾ ਰਿਹਾ ਹੈ ਅਤੇ ਰਹਿੰਦੀ ਦੁਨੀਆ ਤਕ ਪਾਉਂਦਾ ਰਹੇਗਾ।

ਅੱਜ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ ਨੂੰ ਅਤੇ ਕੇਸਕੀ ਸਜਾਈ ਸਿੰਘਣੀਆਂ ਨੂੰ ਜਨੂੰਨੀ ਸਰਕਾਰ ਸ਼ਕੀ ਨਜ਼ਰ ਨਾਲ ਦੇਖ ਰਹੀ ਹੈ ਅਤੇ ਬੜੀ ਬੇ-ਹਯਾਈ ਨਾਲ ਉਨ੍ਹਾਂ ਤੋਂ ਪੁਛਿਆ ਜਾਂਦਾ ਹੈ ਕਿ ਤੁਸਾਂ ਕਿਥੋਂ ਅੰਮ੍ਰਿਤ ਪਾਨ ਕੀਤਾ ਹੈ ?

ਦੇਸ਼ ਦੀ ਆਜ਼ਦੀ ਲਈ ੯੫ ਫ਼ੀ ਸਦੀ ਸਿਰ ਦੇਣ ਵਾਲੇ ਤਾਂ ਅਜੇ ਦੇਸ਼ ਦੇ ਗ਼ੱਦਾਰ, ਪਰ ਰੋ-ਪਿਟ ਕੇ ੫ ਫ਼ੀ ਸਦੀ ਸਿਰ ਦੇਣ ਵਾਲੇ ਭਾਰਤ ਦੇ ਦੇਸ਼-ਭਗਤ ! ਜੋ ਅੱਜ ਦੇਸ਼ ਦੇ ਵਾਰਸ ਬਣੇ ਫਿਰਦੇ ਹਨ। ਇਹ ਕੈਸਾ ਲੋਕ-ਤੰਤਰ ਤੇ ਗਾਂਧੀਵਾਦ ਹੈ ! ਵਾਹ !!

ਅੱਜ ਹਕੂਮਤ ਦੇ ਨਸ਼ੇ ਵਿਚ ਅਤੇ ਆਪਣੀ ਬਹੁ-ਗਿਣਤੀ ਦੇ ਬਾਹੂ-ਬਲ ਨਾਲ, ਫ਼ਿਰਕੂ ਅਤੇ ਜਨੂੰਨੀ ਲੋਕਾਂ ਵਲੋਂ ਸਿਖਾਂ ਨਾਲ ਜੋ ਬੇਇਨਸਾਫ਼ੀ ਤੇ ਜ਼ੁਲਮ ਕੀਤਾ ਜਾ ਰਿਹਾ ਹੈ, ਉਹ ਸ਼ਾਇਦ ਆਉਣ ਵਾਲਾ ਇਤਿ-ਹਾਸ ਇਨ੍ਹਾਂ ਲੋਕਾਂ ਨੂੰ ਅਤੇ ਘੁਮੰਡੀ ਹਾਕਮਾਂ ਨੂੰ ਕਦੇ ਵੀ ਮਾਫ਼ ਨਹੀਂ ਕਰ ਸਕੇਗਾ। ਸ਼ੋਸ਼ਾ ਇਹ ਛਡਿਆ ਜਾਂਦਾ ਆ ਰਿਹਾ ਹੈ ਕਿ ਭਾਰਤ ਅਜ਼ਾਦ ਹੈ ਅਤੇ ਸਭ ਕੁਝ ਠੀਕ ਠਾਕ ਹੈ। ਇਤਿਹਾਸ ਗਵਾਹ ਹੈ ਕਿ—

ਮੁਗਲ ਸਾਮਰਾਜ ਅੰਮ੍ਰਿਤਧਾਰੀ ਸਿੰਘਾਂ ਨੂੰ ਕਾਫ਼ਰ ਕਹਿ ਕੇ ਉਨ੍ਹਾਂ ਦੇ ਘਰ-ਘਾਟ ਲੁਟਦਾ ਸੀ, ਸਿੰਘਾਂ ਦੇ ਸਿਰਾਂ ਦੇ ਮੁਲ ਪਾਉਂਦਾ ਸੀ, ਅਤੇ ਕੋਹ ਕੋਹ ਕੇ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰਦਾ ਸੀ। ਦੂਜੇ ਪਾਸੇ ਆਪਣੀਆਂ ਧੀਆਂ ਦੇ ਡੋਲੇ ਦੇਣੇ ਕਰ ਕੇ, ਰਾਜ ਭਾਗ ਦੇ ਲਾਲਚ ਦੇ ਕੇ ਅੰਮ੍ਰਿਤਧਾਰੀ ਸਿੰਘਾਂ ਨੂੰ ਸਿਖੀ ਤਿਆਗਣ ਤੇ ਆਪਣੇ ਵਿਚ ਸਮੇਟਣ ਦੇ ਯਤਨ ਕੀਤੇ ਜਾਂਦੇ ਰਹੇ, ਪਰ ਉਨ੍ਹਾਂ ਜ਼ਾਲਮ ਜਰਵਾਣਿਆਂ ਨੂੰ ਹਮੇਸ਼ਾ ਹੀ ਮੂੰਹ ਦੀ ਖਾਣੀ ਪੈਂਦੀ ਰਹੀ।



www.AKJ.Org

ਅੰਗਰੇਜ਼ ਸਰਕਾਰ ਨੇ ਵੀ ਅੰਮ੍ਰਿਤਧਾਰੀ ਸਿੰਘਾਂ ਤੇ ਜ਼ੁਲਮ ਢਾਹੁਣ ਵਿਚ ਕੋਈ ਕਸਰ ਨਹੀਂ ਸੀ ਛਡੀ । ਸਿੰਘਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਤੀਆਂ ਜਾਂਦੀਆਂ ਰਹੀਆਂ, ਉਮਰਾਂ ਭਰ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਬੰਦ ਕਰ ਕੇ ਕਹਿਰ ਕਮਾਏ ਜਾਂਦੇ ਰਹੇ, ਦੂਜੇ ਪਾਸੇ ਸਿਖਾਂ ਨੂੰ ਸਿਖੀ ਤੋਂ ਡੋਗਣ ਲਈ, ਵਾਇਦਾ-ਮੁਆਫ਼ ਗਵਾਹ ਬਣਾਣ ਵਾਸਤੇ ਜ਼ੈਲਦਾਰੀਆਂ, ਨੰਬਰਦਾਰੀਆਂ ਅਤੇ ਜ਼ਮੀਨਾਂ ਤੇ ਮੁਰੱਬਿਆਂ ਦੇ ਲਾਲਚ ਦੇਣ ਦੀਆਂ ਪੇਸ਼ਕਸ਼ਾਂ ਕੀਤੀਆਂ ਜਾਂਦੀਆਂ ਰਹੀਆਂ । ਪਰ ਬੇਪਰਵਾਹ ਅੰਮ੍ਰਿਤਧਾਰੀ ਖਾਲਸਾ ਸਭ ਕੁਝ ਠੁਕਰਾ ਕੇ ਆਪਣੀ ਮੰਜ਼ਲ ਵਲ ਵਧਦਾ ਹੀ ਰਿਹਾ ।

ਅੱਜ ਕਾਂਗਰਸ ਸਰਕਾਰ ਵੀ ਬੇਕਸੂਰ ਅੰਮ੍ਰਿਤਧਾਰੀ ਸਿੰਘਾਂ ਨੂੰ ਅਤਿਵਾਦੀ ਤੇ ਵੱਖ-ਵਾਦੀ ਕਹਿ ਕੇ ਉਨ੍ਹਾਂ ਦੇ ਘਰ-ਘਾਟ ਬੰਰਬਾਦ ਕਰ ਰਹੀ ਹੈ ਅਤੇ ਆਪਣੀ ਛਾਤੀ ਦੇ ਜ਼ੋਰ ਨਾਲ ਉਨ੍ਹਾਂ ਨੂੰ ਨੌਕਰੀਆਂ ਤੋਂ ਕਢ ਰਹੀ ਹੈ । ਅਜ ਮੁਗਲਾਂ ਅਤੇ ਬਿਲਿਆਂ ਤੋਂ ਵੀ ਵਧ, ਨਿਰਦੋਸ਼ੇ ਅੰਮ੍ਰਿਤਧਾਰੀ ਸਿੰਘਾਂ ਦੇ ਸਿਰਾਂ ਦੇ ਮੁਲ ਪੰਜਾਹ ਪੰਜਾਹ ਹਜ਼ਾਰ ਰੁਪਏ ਤਕ ਪਾ ਰਹੀ ਹੈ । ਅੰਨ੍ਹਾ ਜ਼ੁਲਮ ਤੇ ਤਸ਼ੱਦਦ ਕਰ ਕੇ ਝੂਠੇ ਪੁਲਸ-ਮੁਕਾਬਲੇ ਬਣਾ ਕੇ ਉਨ੍ਹਾਂ ਨੂੰ ਸ਼ਹੀਦ ਕਰ ਰਹੀ ਹੈ ਅਤੇ ਸਿੰਘਾਂ ਦੀਆਂ ਮਾਵਾਂ ਭੈਣਾਂ ਨੂੰ ਜੇਲ੍ਹਾਂ ਵਿਚ ਖਜਲ-ਖੁਆਰ ਕਰ ਰਹੀ ਹੈ । ਦੂਜੇ ਪਾਸੇ ਕੁਰਸੀ ਦੇ ਭੁੱਖਿਆਂ ਸਿਖ ਸਦਾਂਦਿਆਂ ਨੂੰ ਉਚ ਤੋਂ ਉਚ ਪਦਵੀਆਂ ਦੇ ਚਮਤਕਾਰ ਵਿਖਾ ਕੇ ਸੰਸਾਰ ਭਰ ਦੇ ਲੋਕਾਂ ਦੇ ਅਖੀਂ ਘੱਟਾ ਪਾਇਆ ਜਾ ਰਿਹਾ ਹੈ । ਇਹ ਵੀ ਬਹੁ-ਗਿਣਤੀ ਦੀ ਇਕ ਚਾਲ ਹੈ ।

ਅੱਜ ਕਿਸੇ ਵੀ ਕੋਨੇ ਵਿਚ ਕਿਸੇ ਨਰਕਧਾਰੀ ਦਾ ਕਤਲ ਹੋ ਜਾਂਦਾ ਹੈ ਤਾਂ ਉੱਥੇ ਸਰਕਾਰੀ ਕਰਿੰਦੇ ਤਫ਼ਤੀਸ਼ ਜਾਂ ਪੜਤਾਲ ਕਰਨ ਦੀ ਖੇਚਲ ਕਰਨ ਦੀ ਲੋੜ ਹੀ ਨਹੀਂ ਸਮਝਦੇ, ਸਗੋਂ ਝੱਟ ਹੀ ਕਿਤੇ ਦੂਰ ਜਾਂ ਲਾਗੇ ਤੋਂ ਬੇਦੋਸ਼ੇ ਅੰਮ੍ਰਿਤਧਾਰੀ ਸਿੰਘਾਂ ਨੂੰ ਫੜ ਕੇ, ਦੋਸ਼ੀ ਕਹਿ ਕੇ, ਇਨਸਾਫ਼ ਦਾ ਦਿਵਾਲਾ ਕੱਢਿਆ ਜਾ ਰਿਹਾ ਹੈ ।

ਅੱਜ ਥਾਂ-ਪਰ-ਥਾਂ ਜਗਤ ਦੇ ਕਲਿਆਣਕਾਰੀ, ਜਗਤ-ਜਲੰਦੇ ਨੂੰ ਤਾਰਨਹਾਰ,ਸਿੰਘਾਂ ਦੇ ਇਸ਼ਟ-ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੱਜ ਕੇ, ਗਿਣੀ ਮਿਥੀ ਸਾਜ਼ਸ਼-ਅਧੀਨ, ਅਪਮਾਨ ਕੀਤਾ ਜਾ ਰਿਹਾ ਹੈ । ਕੀ ਹੁਣ ਤਕ ਕੋਈ ਦੋਸ਼ੀ ਫੜਿਆ ਜਾਂ ਨਾਮਜ਼ਦ ਕੀਤਾ ਗਿਆ ਹੈ ? ਕਿਸੇ ਦੇ ਸਿਰ ਦਾ ਮੁੱਲ ਪਾਇਆ ਗਿਆ ਹੈ ? ਸਗੋਂ ਇਸ ਤੋਂ ਉਲਟ, ਇਹ ਕਸੂਰ ਵੀ ਗ੍ਰੰਥੀ ਸਿੰਘ ਦੀ ਅਣਗਹਿਲੀ ਕਹਿ ਕੇ, ਸਿੰਘ ਦੇ ਸਿਰ ਮੜ੍ਹ ਦਿਤਾ ਜਾਂਦਾ ਹੈ ।

ਇਹ ਅੰਮ੍ਰਿਤਧਾਰੀ ਸਿੰਘ ਅਤਿਵਾਦੀ ਜਾਂ ਵਖ-ਵਾਦੀ ਨਹੀਂ, ਸਗੋਂ ਇਹ ਸਤਿਵਾਦੀ ਅਤੇ ਸਰਬੱਤ ਦਾ ਭਲਾ ਮੰਗਣ ਵਾਲਿਆਂ ਦਾ ਭਾਈਚਾਰਾ ਹੈ । ਨਰਕਧਾਰੀਆਂ ਦੇ ਕਤਲਾਂ ਦੀ ਆੜ ਹੇਠ ਸ਼ਹੀਦ ਸਿੰਘਾਂ ਦੇ ਪਰਵਾਰਾਂ ਤੇ ਜ਼ੁਲਮ ਤੁਰੰਤ ਬੰਦ ਕਰ ਕੇ, ਅਸਲ ਕਾਤਲਾਂ ਦੀ ਭਾਲ ਕਰਨ ਦੀ ਲੋੜ ਹੈ, ਨਾ ਕਿ ਨਿਰਵੈਰਾਂ ਨਾਲ ਵੈਰ ਕਮਾ ਕੇ, ਆਪਣੀ ਅਣਗਹਿਣੀ ਦੀ ਪ੍ਰਦਰਸ਼ਨੀ ਕਰਨੀ ਚਾਹੀਦੀ ਹੈ ।

ਅਜ ਖ਼ਾਲਸਾ ਪੰਥ ਵਿਚ ਜਾਗ੍ਰਤੀ ਆਈ ਹੈ । ਸਾਰੇ ਸਿੰਘ ਅਤੇ ਸਾਰੀਆਂ ਜਥੇਬੰਦੀਆਂ ਇਕ-ਮੁਠ ਨਜ਼ਰ ਆ ਰਹੀਆਂ ਹਨ । ਇਸ ਵੇਲੇ ਲੋੜ ਹੈ ਕਿ ਸਮੂਹ ਪੰਥ ਸਾਬਤ-ਕਦਮੀ ਵਿਚ ਰਹਿੰਦਾ ਹੋਇਆ ਨਿਰਭੈਤਾ ਦਾ ਸਬੂਤ ਦੇਵੇ ਅਤੇ ਆਪਣੀਆਂ ਹੱਕੀ ਤੇ ਸਹੀ ਪ੍ਰਾਪਤੀਆਂ ਲਈ ਇਕ ਕਦਮ ਵੀ ਪਿਛੇ ਨਾ ਹੱਟੇ ਅਤੇ ਆਪਣੇ ਸਤਿਗੁਰੂ ਦਾ ਇਹ ਹੁਕਮ ਅਮਲੀ ਤੌਰ ਤੇ ਬਜਾਂਦਾ ਰਹੇ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੮॥

—ਅਨੰਦ ਸਾਹਿਬ



www.AKJ.Org

# ਸਿੱਖਾਂ ਨਾਲ ਵਿਸਾਹ-ਘਾਤ

ਭਾਸ਼ਨ, ਜਿਹੜਾ ਕਿ ਸਿਰਦਾਰ ਕਪੂਰ ਸਿੰਘ, ਐਮ. ਪੀ. ਨੇ ੬ ਸਤੰਬਰ, ੧੯੬੬ ਨੂੰ ਪਾਰਲੀਮੈਂਟ ਦੀ ਲੋਕ ਸਭਾ ਵਿਚ ਦਿਤਾ, ਜਿਸ ਨਾਲ ਕਿ "ਪੰਜਾਬ ਪੁਨਰਗਠਨ ਬਿਲ" ਉਤੇ ਬਹਿਸ ਆਰੰਭ ਹੋਈ। (ਅਸਲ ਅੰਗਰੇਜ਼ੀ ਵਿਚ)

ਸ੍ਰੀ ਮਤੀ ਪ੍ਰਧਾਨ ਸਾਹਿਬ ਜੀਓ, ਮੈਂ ਇਸ ਬਿਲ ਨੂੰ ਬੜੇ ਗਹੁ ਨਾਲ ਵਾਚਿਆ ਹੈ ਅਤੇ ਗ੍ਰਹਿ ਮੰਤਰੀ ਨੰਦਾ ਜੀ ਨੇ ਜੋ ਭਾਸ਼ਨ ਹੁਣੇ ਹੁਣੇ ਦਿਤਾ ਹੈ ਮੈਂ ਉਸ ਨੂੰ ਬੜੇ ਧਿਆਨ ਨਾਲ, ਇਕ-ਮਨ ਹੋ ਕੇ, ਸੁਣਿਆ ਅਤੇ ਸਮਝਿਆ ਹੈ। ਗ੍ਰਹਿ ਮੰਤਰੀ ਜਿਸ ਮਸਲੇ ਨੂੰ ਲੋਕ ਸਭਾ ਵਿਚ ਪੇਸ਼ ਕਰਨ, ਉਸ ਨੂੰ ਗਹੁ ਨਾਲ ਸੁਣਨਾ ਹੀ ਯੋਗ ਹੈ। ਸ੍ਰੀਮਤੀ ਪ੍ਰਧਾਨ ਜੀਓ, ਮੇਰੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ ਹੈ ਕਿ ਮੈਂ ਇਸ ਸਾਰੇ ਦੇ ਸਾਰੇ ਬਿਲ ਦਾ ਵਿਰੋਧ ਕਰਾਂ। ਇਹ ਬਿਲ ਗੰਦਾ ਆਂਡਾ ਹੈ ਜਿਸ ਦੇ ਕੁਝ ਭਾਗ, ਭਾਵੇਂ ਵੇਖਣ ਨੂੰ ਠੀਕ ਹੀ ਲੱਗਣ, ਓਹ ਭੋਜਨ ਕਰਨ ਦੇ ਯੋਗ ਨਹੀਂ ਹੁੰਦਾ। ਕੋਈ ਐਵੇਂ ਇਸ ਦੇ ਟੁਕੜਿਆਂ ਨੂੰ ਦੰਦ ਪਿਆ ਮਾਰੇ, ਪਰ ਇਹ ਨਾ-ਖਾਣ ਵਾਲੀ, ਅਭਕਸ਼ ਵਸਤੂ ਹੈ ਤੇ ਨਾ-ਪਚਣ ਵਾਲੀ ਭੀ। ਕੋਈ ਸੋਝੀਵਾਨ ਬੰਦਾ ਤਾਂ ਇਸ ਨੂੰ ਕਬੂਲ ਕਰ ਨਹੀਂ ਸਕਦਾ।

ਸ੍ਰੀ ਮਹਾਂਵੀਰ ਤਿਆਗੀ : ਇਹ ਤਾਂ ਆਪੋ ਆਪਣੇ ਹਾਜ਼ਮੇ ਉਤੇ ਨਿਰਭਰ ਹੈ।

ਸ: ਕਪੂਰ ਸਿੰਘ : ਮੇਰੇ ਮਨ ਵਿਚ ਕੋਈ ਸ਼ੰਕਾ ਨਹੀਂ ਕਿ ਭਾਵੇਂ ਸਿੱਖਾਂ ਦਾ ਹਾਜ਼ਮਾ ਤੇ ਉਨ੍ਹਾਂ ਦੀ ਪਾਚਨ ਸ਼ਕਤੀ ਕਿਤਨੀ ਵੀ ਪ੍ਰਬਲ ਕਿਉਂ ਨਾ ਹੋਵੇ, ਜਿਵੇਂ ਕਿ ਮੇਰੇ ਮਿੱਤ੍ਰ ਤਿਆਗੀ ਜੀ ਨੇ ਸੰਕੇਤ ਕੀਤਾ ਹੈ, ਇਸ ਗੰਦੇ ਆਂਡੇ ਨੂੰ ਖਾਣ ਨਾਲ ਉਨ੍ਹਾਂ ਨੂੰ ਢਿੱਡ ਪੀੜ ਹੀ ਪਏਗੀ। ਮੈਂ ਆਪਣੇ ਵੋਟਰਾਂ ਦੇ ਨਾਂ ਉੱਤੇ, ਆਪਣੇ ਚੋਣ ਹਲਕੇ ਦੇ ਨਾਂ ਉੱਤੇ, ਸਮੂਹ ਸਿੱਖਾਂ ਦੇ ਨਾਂ ਉੱਤੇ, ਅਤੇ ਸ਼ਰੋਮਣੀ ਅਕਾਲੀ ਦਲ ਦੇ ਨਾਂ ਉੱਤੇ, ਇਸ ਬਿਲ ਨੂੰ ਰੱਦ ਕਰਦਾ ਹਾਂ। ਤਿੰਨ ਕਾਰਨ ਇਸ ਨੂੰ ਨਾ-ਕਬੂਲਣ ਦੇ ਹਨ। ਇਕ ਤਾਂ ਇਹ ਪਾਪ-ਭਰੀ ਮਨਸ਼ਾ ਦੀ ਉਪਜ ਹੈ। ਦੂਜੇ, ਇਸ ਨੂੰ ਜਮਾਉਣ ਵਾਲੀ ਦਾਈ ਕੁਚੱਜੀ ਹੈ। ਤੀਜੇ, ਇਹ ਦੇਸ਼ ਦੇ ਸਮੁਚੇ ਲਾਭਾਂ ਲਈ ਹਾਨੀਕਾਰਕ ਹੈ ਅਤੇ ਇਸ ਨਾਲ ਦੇਸ਼ ਉਤੇ ਰਾਜ ਕਰਨ ਵਾਲੀ ਜਾਤੀ ਉੱਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ ਤੇ ਇੰਜ ਮੁਲਕ ਕਮਜ਼ੋਰ ਹੋਵੇਗਾ।

ਸ੍ਰੀ ਮਹਾਂਵੀਰ ਤਿਆਗੀ : ਇਹ ਬੱਚਾ ਹਰਾਮੀ ਤਾਂ ਨਹੀਂ ਹੈ।

ਸ: ਕਪੂਰ ਸਿੰਘ : ਹਰਾਮੀ ਨਾ ਵੀ ਹੋਵੇ, ਪਰ ਇਸ ਦੀ ਪੈਦਾਇਸ਼ ਪਾਪ ਭਰੇ ਸੰਕਲਪ ਦਵਾਰਾ ਹੋਈ ਹੈ ਅਤੇ ਇਹ ਮੁੱਢੋਂ ਹੀ ਜਾਤ ਕੁਜਾਤ ਹੈ। ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ ਕਿ ਸਿੱਖਾਂ ਨਾਲ ਜੋ ਵਿਸਾਹਘਾਤ, ਸੁਤੰਤਰ ਭਾਰਤ ਵਿਚ ਕੀਤਾ ਗਿਆ ਹੈ, ਇਹ ਉਸ ਦੀ ਆਖ਼ਰੀ ਕੜੀ ਹੈ। ਹਿੰਦੁਸਤਾਨ ਦੀ ਬਹੁਗਿਣਤੀ ਦੇ ਲੀਡਰਾਂ ਵਲੋਂ ਸਿੱਖਾਂ ਨੂੰ ਜੋ ਵਿਸ਼ਵਾਸ ਦਿਵਾਏ ਗਏ ਸੀ, ਅਤੇ ਕਾਂਗਰਸ ਜਿਹੜੇ ਲਾਰੇ ਸਿੱਖਾਂ ਨਾਲ ਪਿਛਲੇ ੩੦-੩੫ ਸਾਲ ਤੋਂ ਲਾਉਂਦੀ ਰਹੀ, ਉਨ੍ਹਾਂ ਦਾ ਹੁਣ ਪਾਜ ਖੁਲ੍ਹ ਗਿਆ ਹੈ।

ਇਹ ਗੱਲ ਇਸ ਲੋਕ ਸਭਾ ਲਈ, ਜਨਤਾ ਲਈ, ਸਾਰੇ ਹਿੰਦੁਸਤਾਨ ਦੇ ਵਾਸੀਆਂ ਲਈ ਅਤੇ ਸਾਰੀ ਦੁਨੀਆ ਦੇ ਸੱਜਣ ਪੁਰਸ਼ਾਂ ਲਈ ਸੁਣਨੀ ਤੇ ਸਮਝਣੀ ਗੁਣਕਾਰੀ ਹੋਵੇਗੀ ਜਿਹੜੀ ਕਥਾ ਕਿ ਸਿੱਖਾਂ ਨਾਲ ਕੀਤੇ ਗਏ ਵਿਸਾਹ-ਘਾਤ ਦੀ ਮੈਂ ਅੱਜ ਸੁਣਾਨ ਲੱਗਾ ਹਾਂ। ਵਿਸਾਹ-ਘਾਤ ਕਾਂਗਰਸੀਹਿੰਦੂ ਲੀਡਰਾਂ ਨੇ, ਜਾਣ ਬੁਝ ਕੇ ਅਤੇ ਕ੍ਰਿਤਘਣਤਾ ਦਵਾਰਾ, ਉਸ ਸਿੱਖ ਕੌਮ ਨਾਲ ਕੀਤਾ ਹੈ ਜਿਸ ਸਿੱਖ ਕੌਮ ਨੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ। ਇਹ ਵਿਸਾਹ-ਘਾਤ ਉਨ੍ਹਾਂ ਸਿੱਖਾਂ ਨਾਲ



www.AKJ.Org

ਕੀਤਾ ਗਿਆ ਹੈ ਜਿਹੜੇ ਕਿ ਧਰਮ ਦੇ ਰੱਖਿਅਕ ਤੇ ਦੇਸ਼ ਦੇ ਵੈਰੀਆਂ ਦੇ ਸ਼ੱਤਰੂ ਹਨ। ਇਹ ਧੋਖਾ ਉਨ੍ਹਾਂ ਸਿੱਖਾਂ ਨਾਲ ਹੋਇਆ ਹੈ ਜਿਨ੍ਹਾਂ ਦਾ ਹੌਸਲਾ, ਕੁਰਬਾਨੀ ਅਤੇ ਦੇਸ਼-ਭਗਤੀ ਸੰਸਾਰ ਪ੍ਰਸਿੱਧ ਹੈ।

ਉਸ ਸਿੱਖ ਜਾਤੀ ਨਾਲ ਹੋਏ ਵਿਸ਼ਵਾਸ-ਘਾਤ ਦੀ ਕਹਾਣੀ, ਮੈਂ ਅੱਜ ਬਿਆਨ ਕਰਨ ਦੀ ਆਗਿਆ ਚਾਹੁੰਦਾ ਹਾਂ, ਜਿਨ੍ਹਾਂ ਨਾਲ ਕਿ ਵਿਸ਼ਵਾਸ-ਘਾਤ ਬਿਗਾਨਿਆਂ ਨੇ ਨਹੀਂ, ਸਗੋਂ ਆਪਣਿਆਂ ਨੇ ਕੀਤਾ ਹੈ। ਇਹ ਓਹ ਸਿੱਖ ਹਨ ਜਿਹੜੇ ਸਵੇਰੇ ਸ਼ਾਮ ਅਰਦਾਸ ਵਿਚ ਕਹਿੰਦੇ ਹਨ : "ਸਿਖਾਂ ਨੂੰ ਵਿਸਾਹ ਦਾਨ, ਭਰੋਸਾ ਦਾਨ।" ਜੋ ਵਿਸ਼ਵਾਸ ਕਰਦੇ ਹਨ ਅਤੇ ਵਿਸ਼ਵਾਸ-ਘਾਤ ਦੀ ਉਮੀਦ ਦੂਜਿਆਂ ਕੋਲੋਂ ਨਹੀਂ ਰੱਖਦੇ। ਅਸਾਡੇ ਬਜ਼ੁਰਗ ਅਤੇ ਰਿਸ਼ੀ, ਜੋ ਕਿ ਹਿੰਦੂਆਂ ਤੇ ਸਿੱਖਾਂ ਦੋਹਾਂ ਦੇ ਪੂਜਯ ਹਨ, ਵਿਸ਼ਵਾਸ-ਘਾਤ ਨਾਲੋਂ ਵੱਡਾ ਮਹਾਨ ਪਾਪ ਹੋਰ ਕੋਈ ਨਹੀਂ ਗਿਣਦੇ ਸਨ। ਮਹਾਂ ਭਾਰਤ (ਆਦਿਪਰਵਮ, ੭੪. ੨੫) ਵਿਚ ਲਿਖਿਆ ਹੈ :

ਯੋ ਅਨਯਥਾਸੰਤਾਤਮਾਨਮ ਅਨਯਥ ਪ੍ਰਤਿਪਦਯਤੇ,
ਕਿੰਤੇਣ ਨ ਕ੍ਰਤਮ ਪਾਪਮ ਚੋਰੈਣਾਤਮਾਪਹਾਰਿਣਮ ॥

ਅਰਥਾਤ, ਜਿਸ ਦੇ ਮਨ ਵਿਚ ਹੋਰ ਹੈ, ਪਰ ਬਚਨਾਂ ਦਵਾਰਾ ਹੋਰ ਪ੍ਰਗਟ ਕਰਦਾ ਹੈ, ਉਸ ਕੋਲੋਂ ਕੋਈ ਪਾਪ ਵੀ ਅਸੰਭਵ ਨਹੀਂ ਹੈ, ਕਿਉਂ ਜੁ ਆਪਣੀ ਆਤਮਾ ਦਾ ਚੋਰ ਅਤੇ ਡਾਕੂ ਤਾਂ ਉਹ ਸਪੱਸ਼ਟ ਹੈ ਹੀ।

ਮੈਂ ਇਸ ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣਾ ਧਿਆਨ ੧੯੨੯ ਦੀ ਹਿਮ ਰਿਤੂ ਵੱਲ ਲੈ ਜਾਣ ਜਦੋਂ ਕਿ ਲਾਹੌਰ ਵਿਚ ਰਾਵੀ ਦੇ ਕੰਢੇ ਉੱਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਅਤੇ ਜਦੋਂ ਹਿੰਦੁਸਤਾਨ ਲਈ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ। ਮਾਘ ਦੀ ਉਸ ਠੰਡੀ ਰਾਤ ਮੈਂ ਇਕ ਵਿਦਿਆਰਥੀ-ਵਾਲੰਟੀਅਰ ਦੇ ਰੂਪ ਵਿਚ ਉਥੇ ਮੌਜੂਦ ਸਾਂ। ਉਸ ਤੋਂ ਪਹਿਲੇ ਦਿਨ ਸਿੱਖਾਂ ਨੇ ਆਪਣੇ ਲੀਡਰ, ਬਾਬਾ ਖੜਕ ਸਿੰਘ ਦੀ ਸਰਕਰਦਗੀ ਵਿਚ, ਪੰਜ ਲੱਖ ਨਰ ਨਾਰੀ ਦਾ ਸ਼ਾਨਦਾਰ ਜਲੂਸ ਕਢਿਆ ਸੀ, ਜਿਸ ਬਾਬਤ ਕਿ ਲੰਡਨ ਦੇ 'ਟਾਈਮਜ਼' ਅਖ਼ਬਾਰ ਨੇ ਲਿਖਿਆ ਸੀ ਕਿ–

"ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ।"

ਉਸ ਤੋਂ ਦੂਜੇ ਦਿਨ, ਮਹਾਤਮਾ ਗਾਂਧੀ, ਪੰਡਿਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ, ਬਾਬਾ ਖੜਕ ਸਿੰਘ ਜੀ ਦੇ ਨਿਵਾਸ ਅਸਥਾਨ, ਚਬੁਰਜੀ, ਵਿਖੇ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਆਜ਼ਾਦ ਹੋ ਜਾਇਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਇਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ ਤੇ ਕਬੂਲ ਨਾ ਹੋਵੇ ਅਤੇ ਇਸੇ ਮਤਲਬ ਦਾ ਮਤਾ ਵੀ ਕਾਂਗਰਸ ਨੇ ਪਾਸ ਕਰ ਦਿਤਾ।

ਉਸ ਤੋਂ ਪਿਛੋਂ ਸੰਨ ੧੯੪੭ ਤਕ ਇਸ ਮਤੇ ਦੀ ਪ੍ਰੋੜ੍ਹਤਾ ਕਈ ਵਾਰ ਕਾਂਗਸਰ ਨੇ ਕੀਤੀ ਅਤੇ ਸੰਨ ੧੯੫੦ ਤਕ ਇਸ ਮਤੇ ਨੂੰ ਕਾਂਗਰਸ ਨੇ ਅਮੰਨਾ ਨਹੀਂ ਕੀਤਾ। ੧੯੫੦ ਵਿਚ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉਤੇ ਅਮਲ ਕਰਨ ਤੋਂ ਸਿੱਧਾ ਤੇ ਸਾਫ ਇਨਕਾਰ ਕਰ ਦਿਤਾ ਗਿਆ।

ਸਿੱਖ, ਜਿਹੜੇ ਕਿ ਵਿਸਾਹ ਪਾਲਣ ਵਾਲੇ ਅਤੇ ਵਿਸ਼ਵਾਸ ਕਰਨ ਵਾਲੇ ਹਨ, ਉਨ੍ਹਾਂ ਨੇ ਪੂਰੇ ੨੦ ਸਾਲ ਕਾਂਗਰਸ ਦੇ ਵਿਸ਼ਵਾਸ ਉਤੇ ਪੂਰਾ ਭਰੋਸਾ ਰੱਖਿਆ ਅਤੇ ਜਦੋਂ ਕਦੇ ਵੀ ਉਨ੍ਹਾਂ ਨੂੰ ਅੰਗਰੇਜ਼ਾਂ ਵਲੋਂ, ਜਾਂ ਮੁਸਲਮਾਨਾਂ ਵਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪੇਸ਼ਕਸ਼ ਵੀ ਹੋਈ, ਉਹ ਉਨ੍ਹਾਂ ਨੇ ਤੁਰੰਤ ਨਾ-ਮਨਜ਼ੂਰ ਕਰ ਦਿਤੀ। ਇਸ ਸਮੇਂ ਵਿਚ ਮੁਸਲਮਾਨਾਂ ਵਲੋਂ ਤੇ ਅੰਗਰੇਜ਼ਾਂ ਵਲੋਂ ਇਕ ਤੋਂ ਵਧ ਵਾਰ ਸਿਖਾਂ ਨੂੰ ਸੁਤੰਤਰ ਰਾਜ, ਆਪਣਾ ਆਜ਼ਾਦ ਦੇਸ਼ ਦੇਣ ਤਕ ਦੇ ਯਤਨ ਹੋਏ, ਜਿਹੜਾ ਦੇਸ਼ ਕਿ ਦਰਿਆ ਘੱਗਰ ਤੋਂ ਲੈ ਕੇ ਚਨਾਬ ਦੇ ਕੰਢਿਆਂ ਤਕ ਮਿਥਿਆ ਗਿਆ ਸੀ, ਪਰ ਸਿੱਖਾਂ ਨੇ ਇਸ ਨੂੰ ਕਬੂਲਣੋਂ ਨਾਂਹ ਕਰ ਦਿਤੀ।



www.AKJ.Org

ਹੁਣ ਮੈਂ ਸੰਨ ੧੯੩੨ ਵਲ ਆਉਂਦਾ ਹਾਂ, ਜਦੋਂ ਲੰਦਨ ਵਿਚ ਦੂਜੀ ਗੋਲਮੇਜ਼ ਕਾਨਫਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ ਕਿ ਕੋਂਸਲ ਆਫ ਇੰਡੀਆ ਦੇ ਮੈਂਬਰ ਸਨ। ਉਸ ਸਮੇਂ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ, ਸਰਦਾਰ ਬਹਾਦਰ ਸ਼ਿਵਦੇਵ ਸਿੰਘ ਦੁਆਰਾ, ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਓਹ ਕਾਂਗਰਸ ਨਾਲੋਂ ਆਪਣਾ ਸੰਬੰਧ ਪੱਕੇ ਤੌਰ ਤੇ ਤੋੜ ਲੈਣ ਤਾਂ ਅੰਗਰੇਜ਼, ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚ ਇਤਨੀ ਠੋਸ ਸ਼ਕਤੀ ਦੇ ਦੇਣਗੇ ਜਿਸ ਦੁਆਰਾ ਕਿ, ਜਦੋਂ ਉਹ ਹਿੰਦੁਸਤਾਨ ਨੂੰ ਆਜ਼ਾਦ ਕਰਨ, ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਸਕਣ।

ਇਹ ਮਾਸਟਰ ਤਾਰਾ ਸਿੰਘ, ਜਿਸ ਦੇ ਔਗੁਣਾਂ ਨੂੰ ਦਿਨ ਰਾਤ ਗਿਣਿਆ ਜਾਂਦਾ ਹੈ, ਇਹ ਮਾਸਟਰ ਤਾਰਾ ਸਿੰਘ ਜਿਹੜਾ ਹੱਦ ਤੋਂ ਵਧ ਸਰਲ ਸੁਭਾ ਹੈ, ਉਸ ਨੇ ਇਹ ਭਾਰੀ ਪੇਸ਼ਕਸ਼ ਫ਼ੌਰਨ ਨਾ-ਮਨਜ਼ੂਰ ਕਰ ਦਿਤੀ।

ਸ੍ਰੀਮਤੀ ਪ੍ਰਧਾਨ ਸਾਹਿਬ, ਮੈਂ ਉਸ ਵੇਲੇ ਕੈਂਬਰਿਜ ਦੀ ਯੂਨੀਵਰਸਿਟੀ ਵਿਚ ਵਿਦਿਆਰਥੀ ਸਾਂ ਅਤੇ ਇਹ ਸਾਰੀਆਂ ਗੱਲਾਂ ਮੇਰੇ ਸਾਹਮਣੇ ਤੇ ਹਥੀਂ ਹੋਈਆਂ।

ਹੁਣ ਤੀਜੀ ਸਾਖੀ ਸੁਣੋ। ਸੰਨ ੧੯੪੬, ਜੁਲਾਈ ਦੇ ਮਹੀਨੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ, ਜਿਸ ਵਿਚ ਕਿ ਸਿੱਖਾਂ ਨਾਲ ਕੀਤੇ ਗਏ ਰਾਜਸੀ ਪ੍ਰਣ ਦੁਹਰਾਏ ਗਏ। ੬ ਜੁਲਾਈ, ੧੯੪੬ ਨੂੰ ਕਾਂਗਰਸ ਦੇ ਪ੍ਰਧਾਨ, ਪੰਡਤ ਜਵਾਹਰ ਲਾਲ ਨਹਿਰੂ, ਨੇ ਇਕ ਪ੍ਰੈਸ ਕਾਨਫਰੰਸ ਕਲਕੱਤੇ ਵਿਚ ਕੀਤੀ, ਜਿਸ ਵਿਚ ਫੱਫੇ ਕੁੱਟਣੀਆਂ ਵਾਲੇ ਇਹ ਸ਼ਬਦ ਕਹੇ ਗਏ :

> "ਪੰਜਾਬ ਦੇ ਬਹਾਦੁਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿਤਾ ਜਾਵੇ ਜਿਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।"

ਇਨ੍ਹਾਂ ਕਾਵਯਮਈ ਸ਼ਬਦਾਂ ਨਾਲ ਸਿੱਖਾਂ ਨੂੰ ਆਜ਼ਾਦ ਭਾਰਤ ਵਿਚ ਇਕ ਸੁਤੰਤਰ ਦੇਸ਼ ਦੇਣ ਦਾ ਬਚਨ ਦਿਤਾ ਗਿਆ।

ਚੌਥੀ ਸਾਖੀ ਇਉਂ ਹੈ ਕਿ ਸੰਨ ੧੯੪੬ ਦੀਆਂ ਸਰਦੀਆਂ ਵਿਚ, ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਨ੍ਹਾਂ ਨੇ ਸਰਦਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵਲੋਂ ਇਹ ਸੁਨੇਹਾ ਦਿਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇਂ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਦੇ ਨਾਲ ਰਲ ਕੇ ਹੀ ਰਹਿਣਾ ਚਾਹੁੰਦੇ ਹਨ ਤਾਂ, ਉਨ੍ਹਾਂ ਸੁਭ ਇੱਛਾਂ ਦੇ ਪ੍ਰਗਟਾਵੇ ਲਈ ਜੋ ਕਿ ਅੰਗਰੇਜ਼ ਜਾਤੀ ਦੇ ਹਿਰਦੇ ਵਿਚ ਸਿੱਖਾਂ ਲਈ ਹਨ, ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸਚਤ ਕਰਨ ਲਈ ਤਿਆਰ ਹੈ ਜਿਸ ਵਿਚ ਕਿ ਉਹ ਜਿਥੇ ਤੱਕ ਸਿੱਖ ਹੋਮਲੈਂਡ, ਸਿੱਖਾਂ ਦੀ ਪਿਤ੍ਰੀ ਭੂਮੀ, ਅਥਵਾ ਸਿੱਖਸਤਾਨ ਦਾ ਸੰਬੰਧ ਹੈ, ਅਰਥਾਤ ਘੱਗਰ ਤੇ ਚਨਾਬ ਵਿਚਲਾ ਇਲਾਕਾ, ਉਥੇ ਹਿੰਦੁਸਤਾਨ ਦੀ ਤਕਸੀਮ ਹੋਣ ਪਿਛੋਂ, ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਾਨੂੰਨ ਲਾਗੂ ਕਰ ਸਕੇ ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ। ਸ: ਬਲਦੇਵ ਸਿੰਘ ਨੇ ਝਟ ਪਟ ਇਹ ਸਾਰੀ ਗੱਲ ਬਾਤ ਨਹਿਰੂ ਜੀ ਨੂੰ ਆ ਦਸੀ ਤੇ ਉਨ੍ਹਾਂ ਦੀ ਸਲਾਹ ਨਾਲ, ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿਤੀ। ਜੇ ਸਿੱਖ ਉਸ ਵੇਲੇ ਇਹ ਪੇਸ਼ਕਸ਼ ਮੰਨ ਲੈਂਦੇ ਤਾਂ ਇਹ ਕਾਂਗਰਸ ਦੇ, ਪੰਡਤ ਜਵਾਹਰ ਲਾਲ ਨਹਿਰੂ ਦੁਆਰਾ ਸੰਨ ੧੯੪੬ ਦੀ ਕਲਕੱਤੇ ਵਿਚ ਕੀਤੀ ਪੇਸ਼ਕਸ਼ ਨਾਲੋਂ ਵੀ ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦੁਆਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸ਼ਾਂ ਵਿਚ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਸਕਦੇ ਸਨ।

ਪੰਜਵੀਂ ਗੱਲ ਇਉਂ ਹੈ ਕਿ ਸੰਨ ੧੯੪੭, ਅਪ੍ਰੈਲ ਦੇ ਮਹੀਨੇ, ਵਿਚ ਮਿਸਟਰ ਜਿਨਾਹ ਨੇ, ਬਰਤਾਨਵੀ



www.AKJ.Org

ਸਰਕਾਰ ਦੇ ਕੁਝ ਉੱਘੇ ਲੀਡਰਾਂ ਨਾਲ ਸਲਾਹ ਕਰ ਕੇ, ਸਿੱਖਾਂ ਨੂੰ ਇਕ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨਾਲ ਕੀਤੀ ਗਈ ਤੇ ਪਿਛੋਂ ਮਹਾਰਾਜਾ ਪਟਿਆਲਾ ਨਾਲ। ਪੇਸ਼ਕਸ਼ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇਕ ਸੁਤੰਤਰ ਦੇਸ਼ ਸਥਾਪਤ ਕਰ ਕੇ, ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢਿਆਂ ਤਕ ਦੇ ਇਲਾਕੇ ਵਿਚ ਮਿਲ ਦਿਤੇ ਜਾਣ। ਇਹੋ ਦੇਸ਼ ਸਿਖਸਤਾਨ ਬਣ ਜਾਵੇ ਅਤੇ ਫਿਰ ਇਹ ਸਿੱਖਸਤਾਨ ਪਾਕਿਸਤਾਨ ਨਾਲ ਸੰਧੀ ਕਰ ਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ। ਮਾਸਟਰ ਤਾਰਾ ਸਿੰਘ ਨੇ ਤਾਂ ਇਹ ਪੇਸ਼ਕਸ਼, ਬਿਨਾਂ ਕਿਸੇ ਨਾਲ ਸਲਾਹ ਕੀਤੇ ਦੇ ਹੀ, ਠੁਕਰਾ ਦਿਤੀ, ਪਰ ਮਹਾਰਾਜਾ ਪਟਿਆਲਾ ਨੇ ਸਰਦਾਰ ਪਟੇਲ ਤੇ ਸ਼੍ਰੀ ਜਵਾਹਰ ਲਾਲ ਨਹਿਰੂ ਨਾਲ ਸਲਾਹ ਕਰ ਕੇ ਇਸ ਨੂੰ ਰੱਦ ਕਰ ਦਿਤਾ।

ਛੇਵੀਂ ਕੜੀ ਇਸ ਕਥਾ ਦੀ ਇਉਂ ਹੈ : ੯ ਦਸੰਬਰ, ਸੰਨ ੧੯੪੬ ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਉਐਂਟ ਅਸੈਂਬਲੀ ਦੀ ਪਹਿਲੀ ਬੈਠਕ ਦਿੱਲੀ ਵਿਚ ਹੋਈ ਤਾਂ ਉਸ ਸਮੇਂ, ਬਾਬੂ ਰਾਜਿੰਦਰ ਪ੍ਰਸਾਦਿ ਦੀ ਪ੍ਰਧਾਨਗੀ ਹੇਠਾਂ, ਪੰਡਤ ਜਵਾਹਰ ਲਾਲ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ, ਜਿਸ ਵਿਚ ਇਹ ਸ਼ਬਦ ਅੰਕਤ ਹਨ :

> "ਘਟ-ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂਬਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦਿੰਦੇ ਹਾਂ। ਇਸ ਲਈ ਇਹ ਇਕ ਪਵਿੱਤ੍ਰ ਸੌਗੰਦ* ਹੈ ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।"

---

*ਆਪਣੀ ਸ੍ਵਾਰਥ-ਸਿੱਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆਂ ਸਹੁੰਆਂ ਸੌਗੰਦਾਂ ਖਾ ਲੈਣੀਆਂ ਕਾਂਗਰਸ ਲਈ ਕੋਈ ਨਵੀਂ ਗੱਲ ਨਹੀਂ ਜਾਪਦੀ। ੧੬ ਮਾਰਚ, ਸੰਨ ੧੯੩੧ ਨੂੰ ਮਹਾਤਮਾ ਗਾਂਧੀ, ਗੁਰਦਵਾਰਾ ਸੀਸ ਗੰਜ ਦੇ ਇਕ ਵਿਸ਼ੇਸ਼ ਦੀਵਾਨ ਵਿਚ ਗਏ, ਜਿਥੇ ਕਿ ਉਨ੍ਹਾਂ ਨੂੰ ਮਾਣ-ਪੱਤਰ ਦਿਤਾਂ ਗਿਆ। ਉਨ੍ਹਾਂ ਕੋਲੋਂ ਪੁੱਛ ਕੀਤੀ ਗਈ ਕਿ ਜੇ ਕਾਂਗਰਸ ਸਿੱਖਾਂ ਨਾਲ ਕੀਤੇਂ ਕੌਲ ਇਕਰਾਰਾਂ ਤੋਂ ਖਿਸਕ ਗਈ ਤਾਂ ਫੇਰ ਸਿੱਖ ਕੀ ਕਰਨਗੇ। ਮਹਾਤਮਾ ਗਾਂਧੀ ਨੇ ਜੋ ਉੱਤਰ ਦਿਤਾ ਉਹ ਉਨ੍ਹਾਂ ਦੇ ਅਖ਼ਬਾਰ, "ਯੰਗ ਇੰਡੀਆ" ਮਿਤੀ ੧੯ ਮਾਰਚ, ੧੯੩੧, ਵਿਚ ਛਪਿਆ ਹੋਇਆ ਹੈ ਅਤੇ ਉਸ ਵਿਚ ਇਹ ਸ਼ਬਦ ਹਨ : "ਸਰਦਾਰ ਮਧੁਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ ਇਕਰਾਰਾਂ ਦਾ ਪਾਲਣ ਕਰੇਗੀ ਅਤੇ ਕਦੇ ਕੋਈ ਅਜਿਹਾ ਕਦਮ ਨਹੀਂ ਚੁਕੇਗੀ ਜਿਸ ਨਾਲ ਕਿ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ। ਭਰਾਵੋ, ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾਏਗੀ ਜਿਸ ਨੂੰ ਸਿੱਖ ਆਪੂੰ ਪਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵੱਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ......ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਜਾਤੀ ਨਾਲ ਤਾਂ ਕੀ, ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸ-ਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ ... ...ਸਿੱਖੋ, ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸੰਸੇ ਛੱਡ ਦਿਓ... ...ਇਸ ਤੋਂ ਵਧ ਮੈਂ ਹੋਰ ਕੀ ਆਖਾਂ ? ਪਰਮਾਤਮਾ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਨ੍ਹਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ।"

ਜਦੋਂ ਪੁਛਿਆ ਗਿਆ ਕਿ ਜੇ ਸਿੱਖਾਂ ਨਾਲ ਧੋਖਾ ਹੋਇਆ ਤਾਂ ਮੁਲਕ ਆਜ਼ਾਦ ਹੋਣ ਉਤੇ ਸਿੱਖ ਤਾਂ ਨਿਹੱਥਲ ਹੋ ਜਾਣਗੇ ਤੇ ਸਾਰੀ ਤਾਕਤ ਹਿੰਦੂਆਂ ਦੇ ਹੱਥ ਚਲੀ ਜਾਵੇਗੀ, ਤਾਂ ਮਹਾਤਮਾ ਗਾਂਧੀ ਨੇ ਉੱਤਰ ਦਿਤਾ "ਕਿ, ਉਸ ਸਮੇਂ ਸਿੱਖਾਂ ਦਾ ਇਹ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਫੜ ਕੇ ਬਗ਼ਾਵਤ ਕਰਨ ਅਤੇ ਵਾਹਿਗੁਰੂ ਅਤੇ ਮਨੁੱਖ ਜਾਤੀ ਦੀ ਆਤਮਾ ਉਨ੍ਹਾਂ ਦੀ ਸਹਾਇਤਾ ਕਰਨਗੇ।"



www.AKJ.Org

ਜੋ ਲੋਕ ਰੱਬ ਦੇ ਭਉ ਤੇ ਗੁਰੂ ਦੇ ਡਰ ਤੋਂ ਆਜ਼ਾਦ ਹੋ ਕੇ ਝੂਠੀਆਂ ਮਹੁਰਾਂ ਮੁਗਦਾ ਰਾਜਸੀ ਪਥਰ ਉੱਤੇ ਚੁੱਕਦੇ ਹਨ ਉਨ੍ਹਾਂ ਦੀ ਅੰਤਮ ਗਤੀ ਦੀ ਬਾਬਤ ਮੈਂ ਕੀ ਆਖਾਂ ? ਜਿਨ੍ਹਾਂ ਦੇ ਮਨ ਵਿਚੋਂ ਸ਼ਰਮ ਉੱਡ ਚੁੱਕੀ ਹੈ, ਜਿਨ੍ਹਾਂ ਦੀ ਆਤਮਾ ਵਿਚ ਧਰਮ ਦਾ ਅਭਾਵ ਹੋ ਗਿਆ ਹੈ, ਜਿਨ੍ਹਾਂ ਨੂੰ ਕੋਈ ਉਨ੍ਹਾਂ ਦੇ ਪਾਪ ਕਰਮਾਂ ਦਾ ਡੰਡ ਦੇਣਾ ਵਾਲਾ ਦਿਖਾਈ ਨਹੀਂ ਦਿੰਦਾ, ਉਥੇ ਜਿਨ੍ਹਾਂ ਨਾਲ ਵਿਸ਼ਵਾਸਘਾਤ ਹੋਇਆ ਹੈ, ਉਹ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਦੇ ਹੋਰ ਕਰ ਵੀ ਕੀ ਸਕਦੇ ਹਨ ? ਸਿੱਖ, ਇਸ ਸਮੇਂ, ਗੁਰੂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦੀ ਨਵਿਰਤੀ ਲਈ ਅਰਦਾਸ ਕਰ ਰਹੇ ਹਨ। ਪਰ ਜਿਨ੍ਹਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ ਉਹ ਆਪਣੀ ਤਵਾਰੀਖ਼ ਵੀ ਆਪ ਘੜ ਲੈਂਦੇ ਹਨ।* ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸ-ਘਾਤ ਦੀ ਇਸ ਦੁਖਦ ਈ ਕਥਾ ਦਾ ਵਰਨਣ ਕਰ ਰਿਹਾ ਹਾਂ ਤਾਂ ਜੁ ਆਉਣ ਵਾਲੀਆਂ ਨਸਲਾਂ ਸਚਾਈ ਤੋਂ ਜਾਣੂ ਹੋ ਜਾਣ।

ਹੁਣ ਮੈਂ ਸੱਤਵੀਂ ਸਾਖੀ ਵਲ ਆਉਂਦਾ ਹਾਂ। ੧੨ ਮਈ ੧੯੪੭ ਨੂੰ ਹਿੰਦੁਸਤਾਨ ਦੇ ਗਵਰਨਰ ਜਨਰਲ, ਲਾਰਡ ਮਾਉਂਟਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖਾਂ ਅਤੇ ਸਰਦਾਰ ਬਲਦੇਵ ਸਿੰਘ ਬਰਤਾਨਵੀ ਸਰਕਾਰ ਦੇ ਸੱਦੇ ਉਤੇ, ਲੰਡਨ ਨੂੰ ਹਵਾਈ ਜਹਾਜ਼ ਰਾਹੀਂ ਗਏ ਤਾਂ ਜੁ ਉਥੇ ਹਿੰਦੁਸਤਾਨ ਦੀ ਫਿਰਕੂ ਅੜਚਣ ਦੇ ਹੱਲ ਲੱਭਣ ਦਾ ਆਖ਼ਰੀ ਯਤਨ ਕੀਤਾ ਜਾਏ। ਜਦੋਂ ਮੁਸਲਿਮ ਲੀਗ ਤੇ ਕਾਂਗਰਸ ਵਿਚਕਾਰ ਕੋਈ ਗੱਲ ਬਾਤ ਨੇਪਰੇ ਨਾ ਚੜ੍ਹ ਸਕੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੰਦੂਸਤਾਨ ਨੂੰ ਵਾਪਸੀ ਰਵਾਨਗੀ ਮਿਥ ਲਈ ਤਾਂ ਬਰਤਾਨਵੀ ਸਰਕਾਰ ਦੇ ਇਕ ਪ੍ਰਮੁਖ ਨੇਤਾ ਨੇ ਸਰਦਾਰ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇਕ ਦੋ ਦਿਨ ਪਿਛੇ ਠਹਿਰ ਜਾਣ ਤਦ,

> "ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦਵਾਰਾ ਕਿ ਸਿੱਖ ਆਪਣੇ ਪੈਰਾਂ ਉੱਤੇ ਖੜੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿਚ ਭਾਈਵਾਲੀ ਪਾ ਸਕਣ।"

ਸਰਦਾਰ ਬਲਦੇਵ ਸਿੰਘ ਨੇ, ਬਿਨਾਂ ਬਿਲੰਬ ਦੇ ਅਤੇ ਸ੍ਰੇਸ਼ਟਾਚਾਰ ਦੇ ਵਿਰੁਧ, ਇਹ ਭੇਤ ਵਾਲੀ ਗੱਲ ਝਟ ਪੰਡਤ ਨਹਿਰੂ ਨੂੰ ਜਾ ਦੱਸੀ ਅਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ, ਹਿੰਦੁਸਤਾਨ ਵਾਪਸ ਆਉਣ ਲਈ, ਉਨ੍ਹਾਂ ਨਾਲ ਹੀ ਹਵਾਈ ਜਹਾਜ਼ ਵਿਚ ਆ ਸਵਾਰ ਹੋਏ। ਵਿਦਾਇਗੀ ਵੇਲੇ ਸਰਦਾਰ ਬਲਦੇਵ ਸਿੰਘ ਨੇ, ਸੰਸਾਰ ਦੇ ਅਖ਼ਬਾਰੀ ਪੱਤਰਕਾਰਾਂ ਦੁਆਰਾ, ਬਿਨਾਂ ਨੀਤੀ ਵਿਚਾਰੇ ਦੇ, ਇਉਂ ਦਮਗਜਾ ਮਾਰਿਆ :

> "ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ, ਨਾ ਕੁਝ ਲੋਚਦੇ ਹਨ, ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਬਿਸਤਰਾ ਬੋਰੀਆ ਗੋਲ ਕਰ ਕੇ ਹਿੰਦੁਸਤਾਨ ਨੂੰ ਛਡ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦਵਾਰਾ ਪ੍ਰਾਪਤ ਕਰਨਗੇ।"

ਹੁਣ ਅੱਠਵੀਂ ਤੇ ਅੰਤਲੀ ਸਾਖੀ ਇਉਂ ਹੈ ਕਿ ਜੁਲਾਈ, ੧੯੪੭ ਵਿਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਸਿਖ ਮੈਂਬਰਾਂ ਦੀ ਇਕ ਬੈਠਕ ਦਿੱਲੀ ਵਿਚ ਹੋਈ, ਜਿਥੇ ਕਿ ਉਨ੍ਹਾਂ ਨੇ ਸਰਬ ਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜ੍ਹਤਾ ਕੀਤੀ। ਉਸ ਮਤੇ ਵਿਚ ਇਹ ਸ਼ਬਦ ਵੀ ਮੌਜੂਦ ਹਨ :

> "ਹਿੰਦੁਸਤਾਨ ਦੀ ਵੰਡ ਤੋਂ ਪਿਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ ਉਸ ਵਿਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਥਾਨੂੰਨ ਬੰਨ੍ਹਿਆ ਜਾਏ।"

---

* "He who controls the past controls the future"—
George Orwell, in his book : "1884"



www.AKJ.Org

ਇਹ ਪੰਜਾਬ ਦੇ ਉਹ ਹਿੰਦੂ ਹਨ ਜਿਨ੍ਹਾਂ ਦੀ ਕਿ ਬੁੱਧੀ ਨਾਲ [illegible] ਜਿਨ੍ਹਾਂ ਨੇ ਭਾਰਤ ਸੁਤੰਤਰ ਹੋਣ ਪਿਛੋਂ ਕੋਈ ਢੰਗ, ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ ਜਿਸ ਦਵਾਰਾ ਕਿ ਸਿੱਖਾਂ ਨੂੰ ਹੀਣੇ ਬਣਾ ਕੇ ਆਪਣੇ ਅਧੀਨ ਰੱਖ ਸਕਣ । ਇਨ੍ਹਾਂ ਨੇ ਪਹਿਲਾਂ ਤਾਂ ਪੰਜਾਬੀ ਸੂਬੇ ਦੀ ਡੱਟ ਕੇ ਵਿਰੋਧਤਾ ਕੀਤੀ ਅਤੇ ਪਿਛੋਂ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿਤਾ ।

ਅੱਜ ਜਿਹੜਾ ਬਿਲ ਅਸੀਂ ਵਿਚਾਰ ਰਹੇ ਹਾਂ, ਇਹ ਉਸ ਘਿਰਣਾ-ਭਰੀ ਕਥਾ ਦਾ ਹੀ ਅੰਤਮ ਅਧਿਆਇ ਹੈ, ਜਿਹੜੀ ਕਥਾ ਕਿ ਮੈਂ ਹੁਣੇ ਸੁਣਾ ਚੁੱਕਾ ਹਾਂ । ਜਦੋਂ, ਸੰਨ ੧੯੫੦ ਵਿਚ, ਸੁਤੰਤਰ ਹਿੰਦੁਸਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ, ਅਥਵਾ ਅਕਾਲੀ ਮੈਂਬਰਾਂ ਨੇ, ਗੱਜ ਵੱਜ ਕੇ ਕਿਹਾ ਕਿ :

> "ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ । ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ ।"

ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖਰੜੇ ਉਤੇ ਦਸਤਖ਼ਤ ਕਰਨ ਤੋਂ ਉੱਕਾ ਹੀ ਨਾਂਹ ਕਰ ਦਿਤੀ ਤਾਂ ਜੁ ਸਭ ਸੰਸਾਰ ਅਤੇ ਆਉਣ ਵਾਲੀਆਂ ਨਸਲਾਂ ਸਪੱਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹ-ਘਾਤ ਕਰ ਕੇ ਬਣਾਇਆ ਗਿਆ ਹੈ । ਅਤੇ ਇਸ ਕਾਰਨ, ਸਿੱਖਾਂ ਦੀ ਆਤਮਾ ਇਸ ਨੂੰ ਸਵੀਕਾਰ ਕਰਨ ਉਤੇ ਮਜਬੂਰ ਨਹੀਂ ਕੀਤੀ ਜਾ ਸਕਦੀ ।

ਸ੍ਰੀ ਮਤੀ ਪ੍ਰਧਾਨ ਜੀਓ, ਭਾਰਤ ਦੇ ਸੁਤੰਤਰ ਹੋਣ ਪਿਛੋਂ, ਬੀਤ ਚੁੱਕੇ ਅਠਾਰ੍ਹਾਂ ਸਾਲਾਂ ਵਿਚ, ਸਿੱਖਾਂ ਦੀ ਜੋ ਦੁਰਗਤੀ ਹੋਈ ਹੈ ਅਤੇ ਸਿੱਖਾਂ ਨਾਲ ਜੋ ਧੱਕੇ ਇਨ੍ਹਾਂ ਰਾਜਸੀ ਤੇ ਫ਼ਰੰਗੀ ਹਿੰਦੂਆਂ ਨੇ, ਕੀਤੇ ਹਨ ਉਸ ਦੁਖ ਭਰੇ ਕਾਂਡ ਨੂੰ ਮੈਂ ਅੱਜ, ਸਮੇਂ ਦੀ ਥੁੜ ਦੇ ਕਾਰਨ, ਨਹੀਂ ਛੋਂਹਦਾ । ਕੇਵਲ ਇਤਨਾ ਦੱਸਾਂਗਾ ਕਿ ਜਦੋਂ ਸੰਨ ੧੯੫੪ ਵਿਚ ਮਾਸਟਰ ਤਾਰਾ ਸਿੰਘ ਨੇ ਜਵਾਹਰ ਲਾਲ ਨੂੰ ਯਾਦ ਕਰਵਾਇਆ ਕਿ ਕਾਂਗਰਸ ਤੇ ਹਿੰਦੂਆਂ ਵਲੋਂ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਹੋਏ ਤਦ ਪੰਡਤ ਜਵਾਹਰ ਲਾਲ ਨਹਿਰੂ ਨੇ, ਬਿਲਾ ਝਿਜਕ, ਉੱਤਰ ਦਿਤਾ, ਕਿ "ਹੁਣ ਸਮਾਂ ਬਦਲ ਗਿਆ ਹੈ ।" ਸਿੱਖ ਭਲੀ ਪ੍ਰਕਾਰ ਜ਼ਾਣਦੇ ਹਨ, ਕਿ ਹੁਣ ਸਮਾਂ ਬਦਲ ਗਿਆ ਹੈ ।*

ਹੁਣ ਮੈਨੂੰ ਇਸ ਬਿਲ ਉੱਤੇ ਥੋੜੀ ਜਿਹੀ ਟੀਕਾ ਟਿੱਪਣੀ ਕਰਨ ਦੀ ਆਗਿਆ ਦਿਤੀ ਜਾਵੇ । ੨੧ ਮਾਰਚ, ੧੯੬੬ ਨੂੰ, ਗ੍ਰਹਿ ਮੰਤਰੀ ਨੇ, ਸੁਪਰੀਮ ਕੋਰਟ ਦੇ ਇਕ ਜੱਜ ਦੀ ਪ੍ਰਧਾਨਗੀ ਹੇਠ, ਕਮਿਸ਼ਨ ਨੀਯਤ ਕੀਤਾ ਕਿ ਪੰਜਾਬ ਦੇ ਪੰਜਾਬੀ ਤੇ ਹਿੰਦੀ ਭਾਗਾਂ ਨੂੰ ਵੱਖੋ ਵੱਖਰੇ ਕਰਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਤ ਕੀਤੇ ਜਾਣ ਅਤੇ ਇਹ ਵੰਡ ਸੰਨ ੧੯੬੧ ਦੀ ਜਨ-ਸੰਖਿਆ ਦੇ ਆਧਾਰ ਉਤੇ ਹੋਵੇ ਅਤੇ ਇਹ ਵੰਡ ਕਰਨ ਵੇਲੇ ਤਹਿਸੀਲਾਂ ਦੀਆਂ ਹੱਦਾਂ ਨਾ ਤੋੜੀਆਂ ਜਾਣ । ਇਨ੍ਹਾਂ ਤਿੰਨਾਂ ਆਦੇਸ਼ਾਂ ਦੇ ਗੂਹਜ ਰਹੱਸ ਨੂੰ ਜੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਨ੍ਹਾਂ ਦਾ ਭਾਵ ਪੰਜਾਬ ਨੂੰ ਨਿਰਬਲ ਕਰਨਾ ਅਤੇ ਸਿੱਖਾਂ ਦਾ ਲੱਕ

---

*ਸੰਨ ੧੯੬੪ ਵਿਚ ਇਨ੍ਹਾਂ ਸਤਰਾਂ ਦਾ ਲਿਖਾਰੀ, ਦਿੱਲੀ ਪਾਰਲੀਮੈਂਟ ਵਿਚ, ਪਾਰਲੀਮੈਂਟਰੀ ਸੁਤੰਤਰ ਪਾਰਟੀ ਦਾ ਸੈਕ੍ਰੇਟਰੀ ਸੀ ਅਤੇ ਇਸ ਹੈਸੀਅਤ ਉਹ ਮਦਰਾਸ, ਸੁਤੰਤਰ ਪਾਰਟੀ ਦੇ ਨੇਤਾ ਤੇ ਨਿਰਮਾਤਾ, ਸ੍ਰੀ ਰਾਜ-ਗੋਪਾਲਚਾਰੀ ਨੂੰ ਮਿਲਣ ਗਿਆ ਤਦ ਰਾਜਾ ਜੀ ਨੇ ਦਸਿਆ ਕਿ ਸੰਨ ੧੯੪੬ ਵਿਚ ਹੀ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ("dear old master ji") ਨੂੰ ਖ਼ਬਰਦਾਰ ਕਰ ਦਿਤਾ ਸੀ ਕਿ ਹੁਣੇ ਜੋ ਕੁਛ ਸਿੱਖ ਪ੍ਰਾਪਤ ਕਰ ਸਕਦੇ ਹਨ, ਅੰਗਰੇਜ਼ਾਂ ਤੇ ਮੁਸਲਮਾਨਾਂ ਨਾਲ ਸੁਲਹ ਸਫਾਈ ਕਰਕੇ ਲੈ ਲੈਣ, ਪਿਛੋਂ ਹਿੰਦੂਆਂ ਨੇ ਕੁਛ ਭੀ ਨਹੀਂ ਦੇਣਾ ਦਵਾਣਾ । ਮੈਂ ਮੁੜਨ ਉਪਰਾਂਤ ਮਾਸਟਰ ਤਾਰਾ ਸਿੰਘ ਜੀ ਕੋਲੋਂ ਇਹੋ ਗੱਲ ਪੁੱਛੀ ਤਾਂ ਕਹਿਣ ਲਗੇ, 'ਹਾਂ ਗੱਲ ਹੋਈ ਤਾਂ ਸੀ, ਪਰ ਅਸੀਂ ਸੋਚਿਆ ਕਿ ਇਤੁੰ ਹਿੰਦੂਆਂ ਉਤੇ ਅਸਾਡੀ ਬੇਭਰੋਸਗੀ ਪਰਗਟ ਹੋਵੇਗੀ ਅਤੇ ਅਸੀਂ ਚੁੱਪ ਵਟੀ ਰੱਖੀ ।' "ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ । ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥"
(ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੧)



www.AKJ.Org

ਛੋਟੇ ਤੋਂ ਛੋਟਾ ਪੰਜਾਬ ਹੋ ਸਕਿਆ, ਉਸ ਤੋਂ ਵਧ ਉਨ੍ਹਾਂ ਨਹੀਂ ਬਣਨ ਦਿਤਾ ਅਤੇ ਉਨ੍ਹਾਂ ਨੇ ਪੰਜਾਬ ਨੂੰ ਹੀਣਾ ਕਰਨ ਲਈ ਜੋ ਕੁਝ ਸਰ ਬਣ ਸਕਿਆ ਕੀਤਾ ਹੈ, ਤਾਂ ਜੁ ਪੰਜਾਬ ਦਾ ਇਲਾਕਾ ਤੇ ਹੱਕ ਖੋਹ ਖਿੱਚ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਜਾ ਸਕੇ। ਡਲਹੌਜ਼ੀ ਪੰਜਾਬ ਕੋਲੋਂ ਖੋਹ ਲਈ ਹੈ ਕਿ ਇਹ ਪਹਾੜੀ ਇਲਾਕਾ ਹੈ ਅਤੇ ਮੋਰਨੀ, ਜਿਹੜਾ ਕਿ ਡਲਹੌਜ਼ੀ ਨਾਲੋਂ ਵੀ ਉਚੇਰਾ ਹੈ ਉਹ ਹਰਿਆਣੇ ਨੂੰ ਦੇ ਦਿੱਤਾ ਹੈ ਕਿ ਇੱਥੇ ਹਿੰਦੂ ਵਸਦੇ ਹਨ।

ਇਹ ਦੁਖਦਾਈ ਕਥਾ ਇਉਂ ਜਾਰੀ ਹੈ ਅਤੇ ਨਵੀਆਂ ਕੜੀਆਂ ਘੜ ਕੇ ਪੰਜਾਬ ਨੂੰ ਪ੍ਰਾਧੀਨ ਤੇ ਨਿਰਬਲ ਕਰਨ ਦੇ ਭਰਪੂਰ ਜਤਨ ਕੀਤੇ ਗਏ ਹਨ। ਸਿੱਟੇ ਵਜੋਂ ਪੰਜਾਬ ਹੁਣ ਐਵੇਂ ਇਕ ਚੋਪੜਿਆ ਲੇਪਿਆ ਜ਼ਿਲਾ ਪ੍ਰੀਸ਼ਦ ਰਹਿ ਗਿਆ ਹੈ। ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਪਾਪ ਕਰਮਾਂ ਦੀ ਪੂਰਤੀ ਲਈ ਦੇਸ਼ ਦੀ ਜੁਡੀਸ਼ਰੀ ਨੂੰ ਵਰਤਿਆ ਗਿਆ ਹੈ।

ਸ੍ਰੀਮਤੀ ਪ੍ਰਧਾਨ ਜੀਓ, ਮੈਨੂੰ ਇਹ ਕਹਿਣ ਦੀ ਆਗਿਆ ਦਿਉ ਕਿ ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ ਜੋ ਪਾਪ, ਸਭ ਤੋਂ ਵੱਡਾ, ਕਾਂਗਰਸੀ ਹਾਕਮਾਂ ਨੇ ਕੀਤਾ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਨਿਆਲਯਾਂ ਦੇ ਉਚ-ਅਧਿਕਾਰੀਆਂ ਨੂੰ ਮਹਾਨ ਅਨਿਆਇ ਦੇ ਰਾਜਸੀ ਕੰਮਾਂ ਲਈ ਵਰਤਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕਾਂ ਦਾ ਭਰੋਸਾ ਅਦਾਲਤਾਂ ਤੋਂ ਉਠ ਗਿਆ ਹੈ। ਤਦ ਹੀ ਸ਼ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ੨੦ ਜੁਲਾਈ, ੧੯੬੬ ਨੂੰ ਇਹ ਮਤਾ ਪਾਸ ਕੀਤਾ :

> "ਸਿੱਖਾਂ ਨਾਲ ਸੰਬੰਧਤ ਮਾਮਲਿਆਂ ਬਾਰੇ ਜੋ ਅਦਾਲਤੀ ਜਾਂਚ ਪੜਤਾਲਾਂ ਤੇ ਰਿਪੋਰਟਾਂ ਸੁਤੰਤਰ ਭਾਰਤ ਵਿਚ ਹੋਈਆਂ ਹਨ, ਉਨ੍ਹਾਂ ਉੱਤੇ ਦੀਰਘ ਵਿਚਾਰ ਕਰਨ ਪਿੱਛੋਂ, ਇਹ ਸਿੱਟਾ ਨਿਕਲਦਾ ਹੈ ਕਿ ਆਜ਼ਾਦ ਹਿੰਦੁਸਤਾਨ ਵਿਚ ਅਦਾਲਤਾਂ ਅਤੇ ਅਦਾਲਤੀ ਕਾਰਵਾਈਆਂ ਉੱਤੇ ਰਾਜਸੀ ਹਿੰਦੂਆਂ ਨੇ ਅਯੋਗ ਪ੍ਰਭਾਵ ਇਸ ਪ੍ਰਕਾਰ ਪਾਏ ਹੋਏ ਹਨ ਕਿ ਸਿੱਖਾਂ ਨੂੰ ਕਿਸੇ ਅਦਾਲਤੀ ਢੰਗ ਅਤੇ ਰਾਹ ਦਵਾਰਾ ਇਨਸਾਫ਼ ਦੀ ਉਮੀਦ ਨਹੀਂ ਰਹਿ ਗਈ।"

ਮਾਨਯਵਰ ਮਹਿਲਾ ਪ੍ਰਧਾਨ ਸਾਹਿਬ, ਹੋ ਸਕਦਾ ਹੈ ਕਿ ਮੇਰੇ ਕੋਲੋਂ ਪੁੱਛਿਆ ਜਾਵੇ, ਅਤੇ ਮੈਂ ਵੇਖ ਰਿਹਾ ਹਾਂ ਕਿ ਕਈ ਭਲੇ ਅਤੇ ਸੱਜਣ ਮੈਂਬਰ ਇਸ ਸਭਾ ਵਿਚ ਬੈਠੇ ਹਨ ਜਿਨ੍ਹਾਂ ਦੇ ਮਨ ਵਿਚ ਕਈ ਇਸ ਪ੍ਰਕਾਰ ਦੇ ਪ੍ਰਸ਼ਨ ਉੱਠ ਰਹੇ ਹੋਣਗੇ : "ਇਹ ਸਰਦਾਰ ਕਪੂਰ ਸਿੰਘ, ਸਿਆਣਾ ਬਿਆਣਾ ਹੋ ਕੇ ਸਿੱਖਾਂ ਦੀ ਗੱਲ ਲੋਕ ਸਭਾ ਵਿਚ ਕਿਉਂ ਛੇੜ ਬੈਠਾ ਹੈ? ਸਾਡੇ ਦੇਸ਼ ਵਿਚ ਅਫ਼ਿਰਕੂ ਰਾਜ ਸਥਾਪਤ ਹੋ ਚੁੱਕਾ ਹੈ ਅਤੇ ਸਾਂਝੀਆਂ ਵੋਟਾਂ ਨਾਲ ਰਾਜ ਕਰਨ ਦਾ ਵਿਧਾਨ ਬਣ ਗਿਆ ਹੈ। ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਿਵੇਂ ਹੋ ਸਕਦਾ ਹੈ, ਸਾਡੇ ਵਿਧਾਨ ਵਿਚ ਤਾਂ ਸਿੱਖ ਹਿੰਦੂ ਦਾ ਵਿਤਕਰਾ ਮੰਨਿਆ ਹੀ ਨਹੀਂ ਗਿਆ।" ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਮੈਂ, ਸਹਿਜੇ ਹੀ ਦੇ ਸਕਦਾ ਹਾਂ। ਵਿਧਾਨ ਅਤੇ ਕਾਨੂੰਨ ਤਾਂ ਕਿਤਾਬਾਂ ਵਿਚ ਲਿਖੇ ਹੁੰਦੇ ਹਨ, ਪਰ ਉਨ੍ਹਾ ਉੱਤੇ ਜਿਸ ਢੰਗ ਨਾਲ ਅਮਲ ਕੀਤਾ ਜਾਂਦਾ ਹੈ, ਉਹ ਗੱਲ ਹੋਰ ਹੈ। ਗੱਲ ਕਹਿਣ ਦੀ ਹੋਰ ਹੁੰਦੀ ਹੈ ਤੇ ਕਰਨ ਦੀ ਹੋਰ, ਇਹੋ ਰਾਜਨੀਤੀ ਦਾ ਰਹੱਸਯ ਹੈ। ਜਿਹੜੇ ਲੋਕ ਇਸ ਪ੍ਰਕਾਰ ਦੀਆਂ ਭੁੱਲ ਭੁਲਾਣੀਆਂ ਵਿਚ ਸਿੱਖਾਂ ਨੂੰ ਪਾਉਣ ਦਾ ਯਤਨ ਕਰਦੇ ਹਨ, ਉਹ ਜਾਂ ਤਾਂ ਸਿੱਖਾਂ ਵਾਂਗ ਹੀ ਸਿੱਧੜ ਹਨ ਅਤੇ ਜਾਂ ਲੋੜ ਤੋਂ ਵੱਧ ਚਲਾਕ। ਮੁੰਡੂਕੋਪਨਿਸ਼ਿਦ ਵਿਚ ਲਿਖਿਆ ਹੈ ਕਿ ਸੰਸਾਰ, ਆਤਮਾ ਦੀਆਂ ਚਾਰ ਗਤੀਆਂ ਤੋਂ ਉਤਪੰਨ ਹੁੰਦਾ ਹੈ। ਇਸ ਨੂੰ 'ਚਤੁਰਪਾਦ' ਕਿਹਾ ਹੈ। ਇਸੇ ਤਰ੍ਹਾਂ ਅੱਜ ਕਲ੍ਹ ਦੇ ਰਾਜ ਪਰਪੰਚ ਦੇ ਵੀ ਚਾਰ ਪੈਰ ਹਨ, ਪਾਰਲੀਮੈਂਟ, ਨੌਕਰਸ਼ਾਹੀ, ਅਦਾਲਤਾਂ ਅਤੇ ਪ੍ਰੈਸ। ਜਿਤਨਾ ਚਿਰ ਰਾਜ ਦੇ ਇਨ੍ਹਾਂ ਚਹੁੰ ਅੰਗਾਂ ਦੀ ਰੂਪ ਰੇਖਾ ਨਾ ਪਛਾਣੀ ਜਾਵੇ, ਉਤਨਾ ਚਿਰ ਹਿੰਦੁਸਤਾਨ ਵਿੱਚ ਸਿੱਖਾਂ ਦੀ ਦੁਖ ਭਰੀ ਯੋਜਨਾ ਦੀ ਸੋਝੀ ਨਹੀਂ



www.AKJ.Org

ਆ ਸਕਦੀ।

ਅਦਾਲਤਾਂ ਤੇ ਨੌਕਰਸ਼ਾਹੀ ਬਾਬਤ ਮੈਂ ਖੁਲ੍ਹੇ ਸੰਕੇਤ ਕਰ ਚੁੱਕਾ ਹਾਂ। ਹੁਣ ਮੈਂ ਪਾਰਲੀਮੈਂਟ ਵੱਲ, ਇਸ ਲੋਕ ਸਭਾ ਵੱਲ, ਕੁਝ ਇਸ਼ਾਰੇ ਕਰਦਾ ਹਾਂ। ਇਹ ਲੋਕ ਸਭਾ ਮਹਾਨ ਗੌਰਵਸ਼ਾਲੀ ਸੰਸਥਾ ਹੈ। ਅਤੇ ਇਸ ਦੇ ਸਤਿਕਾਰ ਨੂੰ ਕੋਈ ਭੰਗ ਕਰਨ ਦਾ ਅਧਿਕਾਰੀ ਨਹੀਂ ਹੈ। ਪਰੰਤੂ ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਸਾਂਝੇ ਵੋਟਾਂ ਦੀ ਚੋਣ ਰਾਹੀਂ ਉਹ ਦੋ ਚਾਰ ਤੋਂ ਵੱਧ ਆਪਣੇ ਮੈਂਬਰ ਇੱਥੇ ਭੇਜ ਨਹੀਂ ਸਕਦੇ। ਇਹ ਦੋਂਹ ਚਹੁੰ ਮੈਂਬਰਾਂ ਨੂੰ ਵੀ ਖੁਲ੍ਹੀ, ਤੇ ਨਿਰਭੈ ਹੋ ਕੇ ਗੱਲ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਪਿਛਲੇਰੇ ਮਹੀਨਿਆਂ ਵਿਚ ਹੀ ਇਹ ਵੇਖਣ ਵਿਚ ਆਇਆ ਹੈ ਕਿ ਘਟ-ਗਿਣਤੀ ਦੇ ਮੈਂਬਰਾਂ ਨੂੰ, ਬਿਨਾਂ ਸੁਣੇ ਤੇ ਬਿਨਾਂ ਵਿਚਾਰੇ, ਲੋਕ ਸਭਾ ਵਿਚੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ ਅਤੇ ਪਿੱਛੋਂ ਵੀ ਆਪਣਾ ਦੁੱਖ ਰੋਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਅਜਿਹੀ ਲੋਕ ਸਭਾ ਦਵਾਰਾ ਸਿੱਖ ਆਪਣੇ ਦੁੱਖਾਂ ਦੀ ਨਵਿਰਤੀ ਕਿਵੇਂ ਕਰਨ ?

ਹੁਣ ਮੈਂ ਪ੍ਰੈਸ ਦੀ ਗੱਲ ਕਰਦਾ ਹਾਂ। ਸਾਡੇ ਦੇਸ਼ ਦਾ ਪ੍ਰੈਸ ਆਜ਼ਾਦ ਹੈ ਅਤੇ ਬਹੁਤ ਹੱਦ ਤਕ ਨਿਰਪੱਖ ਵੀ। ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਦੋਂ ਸਿੱਖਾਂ ਦਾ ਸਵਾਲ ਹੋਵੇ, ਉਸ ਵੇਲੇ ਉਨ੍ਹਾਂ ਦਾ ਰਵੱਈਆ ਕੀ ਹੁੰਦਾ ਹੈ। ਕੁਝ ਸਾਲ ਹੋਏ ਇੰਗਲੈਂਡ ਵਿਚ ਕਈ ਅਖ਼ਬਾਰਾਂ ਦੇ ਮਾਲਕ, ਲਾਰਡ ਬੀਵਰਬਰੁਕ, ਦੀ ਪ੍ਰਧਾਨ ਮੰਤਰੀ ਬਾਲਡਵਿਨ ਨਾਲ ਖੜਕ ਪਈ ਸੀ ਤਦ ਬਾਲਡਵਿਨ ਨੇ ਪ੍ਰੈਸ ਬਾਰੇ, ਇੰਗਲੈਂਡ ਦੀ ਪਾਰਲੀਮੈਂਟ ਵਿਚ ਕਿਹਾ ਸੀ :

> "ਪ੍ਰੈਸ ਕੋਲ ਸ਼ਕਤੀ ਹੈ, ਪਰ ਜ਼ਿੰਮੇਵਾਰੀ ਦਾ ਇਹਸਾਸ ਨਹੀਂ। ਇਨ੍ਹਾਂ ਕੋਲ ਕੰਜਰਾਂ ਤੇ **ਕੰਜ**ਰੀਆਂ ਵਾਲੇ ਸਭ ਅਧਿਕਾਰ ਹਨ।"

ਮੈਂ ਇਸ ਤੋਂ ਵੱਧ ਕੁਝ ਨਹੀਂ ਕਹਿੰਦਾ। ਮੈਂ ਬਹੁਤ ਕੁਝ ਕਹਿ ਚੁੱਕਾ ਹਾਂ ਜਿਸ ਨਾਲ ਕਿ ਸ਼ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮਤੇ ਨੰਬਰ ੨, ਜਿਹੜਾ ਕਿ ੨੦ ਜੁਲਾਈ ੧੯੬੬ ਨੂੰ ਪਾਸ ਕੀਤਾ ਗਿਆ, ਦੇ ਪਛੋਕੜ ਦੀ, ਜਿੱਥੋਂ ਤਕ ਕਿ ਇਸ ਦਾ ਸੰਬੰਧ ਇਸ ਬਿੱਲ ਨਾਲ ਹੈ, ਸਮਝ ਪੈ ਸਕਦੀ ਹੈ। ਉਹ ਮਤਾ ਇਉਂ ਹੈ :

> "ਸਿੱਖ ਨਿਸ਼ਚੇ ਕਰਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਹ ਆਪਣੀ ਪੂਰੀ ਸ਼ਕਤੀ ਨਾਲ, ਹਰ ਐਸੇ ਹਮਲੇ ਦਾ ਮੁਕਾਬਲਾ ਕਰਨਗੇ, ਜਿਸ ਦਾ ਭਾਵ ਕਿ ਸਿੱਖਾਂ ਨੂੰ ਆਜ਼ਾਦ ਹਿੰਦੁਸਤਾਨ ਵਿਚ, ਘਟੀਆ ਦਰਜੇ ਦੇ ਅਤੇ ਗੌਰਵ-ਰਹਿਤ ਸ਼ਹਿਰੀ ਬਣਾ ਦੇਣਾ ਹੋਵੇ।
>
> ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਫ਼ੌਰਨ ਚੁੱਕੇ ਜਾਣ ਤਾਂ ਜੁ ਸਿੱਖ, ਹਿੰਦੁਸਤਾਨ ਵਿਚ, ਬਰਾਬਰ ਦੇ ਭਰਾ ਬਣ ਕੇ ਰਹਿ ਸਕਣ :
>
> (੧) ਜਿਹੜੇ ਸਿੱਖ ਇਲਾਕੇ, ਜਾਣ ਬੁਝ ਕੇ ਅਤੇ ਬਿਨਾਂ ਕਾਰਨ, ਨਵੇਂ ਪੰਜਾਬ ਵਿਚੋਂ ਕੱਢ ਦਿੱਤੇ ਗਏ ਹਨ ਅਤੇ ਜੋੜੇ ਨਹੀਂ ਗਏ, ਜਿਹਾ ਕਿ, ਗੁਰਦਾਸਪੁਰ ਜ਼ਿਲੇ ਦਾ ਇਲਾਕਾ ਜਿਸ ਵਿਚ ਕਿ ਡਲਹੌਜ਼ੀ ਸ਼ਾਮਲ ਹੈ, ਅੰਬਾਲੇ ਦਾ ਜ਼ਿਲਾ ਸਣੇ ਚੰਡੀਗੜ੍ਹ, ਪੰਜੋਰ, ਕਾਲਕਾ ਤੇ ਅੰਬਾਲਾ ਸਦਰ ਦੇ, ਅਤੇ ਊਨੇ ਦੀ ਸਾਰੀ ਤਹਿਸੀਲ, ਅਤੇ ਨਾਲਾਗੜ੍ਹ ਦਾ 'ਦੇਸ਼' ਨਾਮ ਦਾ ਇਲਾਕਾ, ਸਰਸੇ ਦੀ ਤਹਿਸੀਲ, ਗੂਹਲਾ ਸਬ-ਤਹਿਸੀਲ,ਸਣੇ ਟੋਹਾਣਾ ਅਤੇ ਰਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲੇ ਵਿਚ ਹਨ, ਅਤੇ ਕਰਨਾਲ ਦੇ ਜ਼ਿਲੇ ਦਾ ਸ਼ਾਹਬਾਦ ਬਲਾਕ, ਅਤੇ ਰਾਜਸਥਾਨ ਵਿਚ ਗੰਗਾ ਨਗਰ ਦਾ ਜ਼ਿਲਾ, ਇਨ੍ਹਾਂ ਇਲਾਕਿਆਂ ਨੂੰ ਝਟ ਪਟ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ, ਤਾਕਿ ਸਾਰੇ ਨਾਲ ਲਗਦੇ ਸਿੱਖ ਵਸੋਂ ਦੇ ਇਲਾਕੇ ਇਕੱਠੇ ਹੋ ਕੇ, ਸੁਤੰਤਰ ਭਾਰਤ ਅੰਦਰ, ਸਿੱਖ ਹੋਮਲੈਂਡ, ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ, ਜਿਸ ਵਿਚ ਸਿੱਖਾਂ ਤੇ ਸਿੱਖੀ ਦੇ ਵਿਸ਼ੇਸ਼ ਹੱਕ ਰਾਖਵੇਂ ਹੋਣ।



www.AKJ.Org

# ਬਾਲਕ ਸ਼ਹੀਦ ਭਾਈ ਦਰਬਾਰਾ ਸਿੰਘ ਜੀ

[ਵਲੋਂ :—ਸ: ਸ਼ਮਸ਼ੇਰ ਸਿੰਘ ਜੀ ਝੁਬਾਲੀਆ]

ਇਹ ਭੁਝੰਗੀ ਭਾਈ ਕੇਹਰ ਸਿੰਘ ਸ਼ਹੀਦ ਦੇ ਇਕਲੋਤੇ ਸਪੁਤਰ ਆਪਣੀ ਮਾਂ ਦੇ ਸਾਏ ਤੋਂ ਬਾਲਪਨ ਤੋਂ ਹੀ ਵਾਂਝੇ ਗਏ, ਮਾਂ-ਮਹਿਟਰ ਬੇਟੇ ਸਨ। ਇਸ ਬਾਲਕ ਸ਼ਹੀਦ ਦੀ ਮਾਤਾ ਦੇ ਗੁਜ਼ਰ ਜਾਣ ਪਿਛੋਂ, ਇਨ੍ਹਾਂ ਦੇ ਪਿਤਾ ਤੇ ਦਾਦੀ ਨੇ ਬੜੇ ਵਖਤਾਂ ਤੇ ਕਸ਼ਟਾਂ ਨਾਲ ਇਸ ਨੂੰ ਪਾਲਿਆ। ਅਜੇ ਮਸਾਂ ਸੂਤਕੋਂ ਨਿਕਲਣ ਹੀ ਲਗਾ ਸੀ।

ਸਭੋ ਨੌਂ ਸਾਲ ਦੀ ਬਾਲੜੀ ਬਾਦਸ਼ਾਹੀ ਉਮਰ ਹੋਵੇਗੀ ਕਿ ਬੱਚੇ ਵਿਚ ਵਡੱਤ ਦੇ ਲਛਣ ਦਿਸਣ ਲਗ ਪਏ। ਭਾਵੇਂ ਮਾਂ ਦੇ ਪਿਆਰ ਦਾ ਤੋਟਾ ਸੀ ਪਰ ਬੱਚਾ ਪਿਤਾ ਨਾਲ ਹੀ ਦੋਹਰਾ ਪਿਆਰ ਕਰ ਕੇ ਮਾਤਾ ਦੇ ਪਿਆਰ ਦੀ ਭੁਖ ਲਾਹ ਲਿਆ ਕਰਦਾ ਸੀ। ਪਿਤਾ ਭੀ ਇਸ ਬੱਚੇ ਦੇ ਪਿਆਰ ਦੀ ਤ੍ਰੇਜ ਲਾਹੁਣ ਲਈ ਉਸ ਨੂੰ ਹਦੋਂ ਵਧ ਪਿਆਰ ਕਰਦਾ ਸੀ। ਮਾਂ ਦੇ ਪਿਆਰ ਦੀ ਕਸਰ ਪੂਰੀ ਕਰਨ ਲਈ ਉਸ ਦੀ ਦਾਦੀ ਦਾ ਵੀ ਪਿਆਰ ਸੀ। ਤੇ ਦਾਦੀ ਨੇ ਇਹ ਗੱਲ ਸਮਝ ਕੇ, ਕਿ ਭਾਵੇਂ ਕਿੰਨਾ ਪਿਆਰ ਕਰੇ, ਬੱਚੇ ਦੂਏ ਦੀ ਝਿੜਕ-ਝੰਬ ਨਾਲ ਡੂੰਘਾ ਘਾਉ ਖਾਂਦੇ ਹਨ। ਇਸ ਲਈ ਬੱਚੇ ਨੂੰ ਬਹੁਤ ਛਿੰਦਿਆਂ ਰਖਿਆ ਹੋਇਆ ਸੀ। ਸਾਰਾ ਸਾਰਾ ਦਿਨ ਇਸ ਦੇ ਹੋਮਨੇ-ਚੋਮਨੇ ਕਰਦੀ ਕਦੀ ਥਕਦੀ ਨਹੀਂ ਸੀ।

ਬੱਚਾ ਜਦੋਂ ਨਵੇਂ ਕਪੜੇ ਪਾਈ ਪਿਤਾ ਨੂੰ ਨਨਕਾਣੇ ਸਾਹਿਬ ਜਾਣ ਲਈ ਤਿਆਰ ਹੁੰਦਿਆਂ ਵੇਖਣ ਲਗਾ ਤਾਂ ਝਟ ਦਾਦੀ ਦੇ ਪਿਛਲੇ ਬੰਨੇ ਮੋਰਾਂ ਥਾਣੀਂ ਹੋ ਕੇ ਲਾਡ ਨਾਲ ਗਲ ਨੂੰ ਜਫੀ ਪਾ ਕੇ ਆਖਣ ਲਗਾ, "ਬੇਬੇ, ਬਾਪੂ ਜੀ ਕਿਥੇ ਚਲੇ ਨੇ?" ਦਾਦੀ ਨੇ ਆਖਿਆ, "ਕਿਥੇ ਦਾ ਨੱਕ ਵਢਣ, ਤੂੰ ਜਾ ਪਰੇ ਹੋ ਕੇ ਖੇਡ।" ਬੱਚਾ ਹੱਸ ਪਿਆ ਤੇ ਆਖਣ ਲਗਾ, "ਨਹੀਂ ਬੇਬੇ, ਊਂ, ਊਂ, ਮੈਂ ਭੀ ਬਾਪੂ ਨਾਲ ਜਾਣਾ ਏਂ।" ਦਾਦੀ ਨੇ ਬੜਾ ਵਰਚਾਇਆ ਵੁਰਚੂਇਆ ਕਿ ਮਤਾਂ ਇਹ ਰਿਹਾੜ ਕਰ ਕੇ ਨਾਲ ਹੀ ਨਾ ਤੁਰ ਪਏ, ਤੇ ਆਖਣ ਲਗੀ, "ਜਾ ਭਜ ਕੇ ਅੰਦਰੋਂ ਕੌਲੀ ਲੈ ਆ, ਮੈਂ ਤੈਨੂੰ ਸ਼ਕਰ ਪਾ ਕੇ ਮਲਾਈ ਲਾਹ ਕੇ ਦੇਨੀ ਆਂ।" "ਨਾ ਬੇਬੇ, ਮੈਂ ਨਹੀਂ ਮਲਾਈ ਖਾਣੀ, ਮੈਂ ਬਾਪੂ ਨਾਲ ਜਾਣਾ ਏ, ਹੋਰ ਕੋਈ ਗੱਲ ਨਹੀਂ ਕਰਨੀ।" ਬੇਬੇ ਨੇ ਲਾਰੇ-ਲਪੇ ਲਾ ਕੇ ਬਥੇਰਾ ਪਰਚਾਇਆ, ਪਰ ਬੱਚੇ ਦਾ ਖਿਆਲ ਹੁੰਦਾ ਹੈ, ਉਸ ਨੂੰ ਜਿੰਨਾ ਕਿਸੇ ਗੱਲ ਵਲੋਂ ਹੋੜੋ, ਉਹ ਉਨਾ ਹੀ ਉਸ ਵਲੋ ਵਧੇਰੇ ਖਿਚ ਕਰਦਾ ਹੈ।

---

(ਸਫਾ ੩੪ ਦੀ ਬਾਕੀ)

(-) ਇਸ ਨਵੇਂ ਨਿਰਮਤ ਹੋਏ ਪੰਜਾਬ ਨੂੰ ਉਹੋ ਜਿਹੇ ਅਧਿਕਾਰ ਤੇ ਪਦਵੀ ਦਿਤੀ ਜਾਵੇ ਜਿਹੜੀ ਕਿ, ਸੰਨ ੧੯੫੦ ਵਿਚ ਹਿੰਦੁਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਦੀ ਰਿਆਸਤ ਨੂੰ ਪ੍ਰਾਪਤ ਹੋਏ ਸਨ।"

ਸ੍ਰੀਮਤੀ ਜੀਓ, ਮੈਂ ਹੁਣ ਆਪਣਾ ਭਾਸ਼ਨ ਸਮਾਪਤ ਕਰ ਚੁਕਾ ਹਾਂ। ਸਾਰੇ ਸਿੱਖਾਂ ਅਤੇ ਸਿੱਖ ਪੰਥ ਦੇ ਨਾਮ ਉਤੇ, ਜਿਨ੍ਹਾਂ ਦੀ ਜਥੇਬੰਦੀ ਕਿ ਸ਼ਰੋਮਣੀ ਅਕਾਲੀ ਦਲ ਹੈ, ਮੈਂ ਇਸ ਬਿਲ ਨੂੰ ਰੱਦ ਕਰਦਾ ਹਾਂ, ਇਸ ਦਾ ਵਿਰੋਧ ਕਰਦਾ ਹਾਂ, ਇਸ ਨੂੰ ਨਾਮਨਜ਼ੂਰ ਕਰਦਾ ਹਾਂ, ਅਤੇ ਇਸ ਬਿਲ ਦੇ ਪਿਛੇ ਜਿਹੜੀਆਂ ਭਾਵਨਾਵਾਂ ਹਨ ਉਨ੍ਹਾਂ ਨੂੰ ਧਿਰਕਾਰਦਾ ਹਾਂ। ਮੈਂ ਹਿੰਦ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਛੇਤੀ ਤੋਂ ਛੇਤੀ ਵਿਧਾਨਕ ਕਦਮ ਚੁਕੇ, ਜਿਸ ਦਵਾਰਾ ਕਿ ਸ਼ਰੋਮਣੀ ਅਕਾਲੀ ਦਲ ਦੀਆਂ ਉਨ੍ਹਾਂ ਮੰਗਾਂ ਦੀ, ਜਿਨ੍ਹਾਂ ਦੀ ਵਿਆਖਿਆ ਕਿ ਮੈਂ ਹੁਣ ਕਰ ਚੁਕਾ ਹਾਂ, ਪੂਰਤੀ ਹੋਵੇ। ਮਾਨਯਵਰ ਪ੍ਰਧਾਨ ਦੇਵੀ ਜੀਓ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ॥

'ਸਾਚੀ ਸਾਖੀ' ਵਿਚੋਂ ਅੰਤਿਕਾ ॥੪॥

www.AKJ.Org

ਆ

ਭਾਈ ਕੇਹਰ ਸਿੰਘ ਜੀ ਨੇ ਅੱਜ-ਪੱਜ ਲਾ ਕੇ ਬਥੇਰਾ ਯਤਨ ਕੀਤਾ ਕਿ ਇਹ ਆਪਣੀ ਦਾਦੀ ਪਾਸ ਹ ਪਵੇ, ਪਰ ਇਸਤ੍ਰੀ ਤੇ ਬਾਲ-ਹਠ ਮਸ਼ਹੂਰ ਹੈ। ਆਖੇ, "ਤੁਸੀਂ ਮੈਨੂੰ ਦਸੋ ਕਿਥੇ ਚਲੇ ਜੇ ? ਮੈਂ ਭੀ ਜਾਣਾ ਏਂ।" ਤਾਂ ਭਾਈ ਕੇਹਰ ਸਿੰਘ ਨੇ ਕਿਹਾ, "ਕਾਕਾ ! ਤੂੰ ਘਰ ਰਹੁ, ਅਸੀਂ ਤਾਂ ਸ਼ਹੀਦ ਹੋਣ ਚਲੇ। ਉਥੇ ਗੋਲੀਆਂ ਚਲਣੀਆਂ ਨੇ, ਤੂੰ ਕਿਥੇ ਜਾਣਾ ਏਂ ? ਬੜਾ ਈ ਦੂਰ ਜਾਣਾ ਏ, ਲੰਮੀ ਮੰਜ਼ਲ ਤੇ ਰਾਤ ਦਾ ਬਿਖੜਾ ਪੈਂਡਾ ਹੈ, ਤੂੰ ਰਾਹ ਵਿਚ ਥਕ ਜਾਵੇਂਗਾ ਤੇ ਫੇਰ ਉਥੇ ਤੈਨੂੰ ਕੌਣ ਚੁਕ ਕੇ ਤੁਰੇਗਾ ? ਨਾਲੇ ਜਦੋਂ ਉਥੇ ਠਾਹ ਕਰ ਕੇ ਗੋਲੀ ਚਲੀ ਤਾਂ ਤੂੰ ਡਰ ਜਾਵੇਂਗਾ।" ਤਾਂ ਬਾਲਕ ਆਖਣ ਲਗਾ, "ਬਾਪੂ ਜੀ, ਮੈਂ ਨਹੀਂ ਡਰਦਾ। ਤੁਸੀਂ ਮੈਨੂੰ ਬੇਸ਼ਕ ਨਾ ਚੁਕਣਾ। ਮੈਂ ਸਾਰੇ ਰਾਹੇ ਤੁਹਾਡੇ ਨਾਲ ਭਜਾ ਜਾਵਾਂਗਾ। ਮੈਂ ਆਤਸ਼ਬਾਜ਼ੀ ਦੇ ਗੋਲੇ ਪਾਸੋਂ ਨਹੀਂ ਡਰਦਾ ਤੇ ਗੋਲੀ ਦੇ ਖੜਾਕ ਪਾਸੋਂ ਕਿਦਾਂ ਡਰਾਂਗਾ ?" ਭਲਾ ਆਮ ਦੁਨੀਆ ਦੇ ਮਾਸੂਮ ਬੱਚਿਆਂ ਨੂੰ ਤਾਂ ਭਾਵੇਂ ਸ਼ਹੀਦੀ ਦਾ ਪਤਾ ਨਾ ਹੋਵੇ ਕਿ ਉਹ ਕੀ ਵਸਤੂ ਹੁੰਦੀ ਹੈ, ਪਰ ਜਿਸ ਕੌਮ ਦੇ ਸਾਜਣਹਾਰੇ ਦੇ ਆਪਣੇ ਮਾਸੂਮ ਬੱਚੇ ਸਤ ਤੇ ਨੌਂ ਸਾਲ ਦੀ ਉਮਰ ਵਿਚ ਮੌਤ-ਕੰਧਾਂ ਵਿਚ ਚਿਣੇ ਗਏ, ਉਸ ਵਿਚ ਤਾਂ ਬਾਲਕ ਸ਼ਹੀਦਪੁਣੇ ਦੀ ਸਪਿਰਟ ਆਪਣੇ ਆਪ ਹੀ ਪ੍ਰਗਟ ਹੁੰਦੀ ਹੈ। ਮਾਸੂਮ ਸਾਹਿਬਜ਼ਾਦਿਆਂ ਨੇ ਆਪਣੇ ਪਵਿਤਤ ਸ਼ਹੀਦੀ ਖ਼ੂਨ ਦੀ ਲਾਲੀ ਨਾਲ ਕੌਮ ਦੇ ਬਾਲਕ ਸ਼ਹੀਦਾਂ ਦੇ ਮੱਥੇ ਤੇ ਇਹ ਪਵਿਤਰ ਸ਼ਹੀਦੀ ਦੀ ਦਾਤ, ਭਾਵੀ ਦੀ ਕਲਮ ਨਾਲ ਲਿਖ ਦਿਤੀ ਸੀ। ਇਸ ਨੂੰ ਕੌਣ ਟਾਲ ਪੇ ਰੋਕ ਸਕਦਾ ਸੀ ?

ਪਿਤਾ ਦੇ ਸਮਝਾਉਣ ਤੇ ਮੌਤ ਦਾ ਡਰ ਦੇਣ ਤੇ ਭੀ ਕਰਤਾਰ ਦੀ ਕੁਦਰਤ ਅੰਦਰ, ਕੌਮ ਦੇ ਬਾਲਕ ਸ਼ਹੀਦਾਂ ਦੀ ਬਰਕਤ ਦਾ ਸਦਕਾ, ਭਾਵੀ ਦਾ ਪ੍ਰੇਰਿਆ ਹੋਇਆ ਲਾਡਲਾ ਤੇ ਨਿਰਛਲ ਬੱਚਾ ਚਾਈਂ ਚਾਈਂ ਆਪਣੇ ਪਿਤਾ ਦੀ ਉਂਗਲੀ ਫੜ ਕੇ ਠੁਮਕ ਠੁਮਕ ਕਰਦਾ ਘਰੋਂ ਬਾਹਰ ਤੁਰ ਪੈਂਦਾ ਹੈ। ਪਿੰਡ ਦੀ ਜੂਹ ਵਿਚੋਂ ਆ ਕੇ ਦਾਦੀ ਨੇ ਵਰਚਾ ਵੂਰਚੂ ਕੇ ਮੋੜਨ ਲਈ ਬੜੇ ਤਰਲੇ ਲਏ, ਪਰ ਆਪ ਦੀ ਜ਼ਬਾਨ ਵਿਚ ਪਵਿਤਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਜਾਦੂ ਦਾ ਅਸਰ ਹੋਇਆ ਹੋਇਆ ਸੀ। ਜਦੋਂ ਬੋਲੇ, ਇਹੋ ਆਖੇ ਕਿ ਮੈਂ ਬਾਪੂ ਦੇ ਨਾਲੇ ਛੀਦ (ਸ਼ਹੀਦ) ਹੋਣਾ ਹੈ।

ਸਤਿਗੁਰਾਂ ਤੇ ਭਰੋਸਾ ਰਖ ਕੇ ਦੋਵੇਂ ਪਿਤਾ ਪੁਤਰ ਸ਼ਹੀਦੀ ਦੇਵੀ ਦੀ ਭੇਟਾ ਹੋਣ ਲਈ ਚੋਹਲ-ਮੋਹਲ ਕਰਦੇ ਤੁਰ ਪੈਂਦੇ ਹਨ। ਕਾਕੇ ਦੇ ਚਿਤ ਵਿਚ ਬੜਾ ਉਤਸ਼ਾਹ ਹੈ। ਸਾਰੇ ਰਾਹ, ਸਾਰੀ ਰਾਤ ਕੁਦਾੜੇ ਮਾਰਦਾ ਦੌੜਿਆ ਗਿਆ। ਐਡੇ ਮਾਸੂਮ ਬੱਚੇ ਦਾ ਰਾਤ ਦੇ ਸਮੇਂ ਪੰਦਰ੍ਹਾਂ ਸੋਲ੍ਹਾਂ ਕੋਹ ਪੈਂਡਾ ਕਰਨਾ ਸਤਿਗੁਰੂ ਦੀ ਕਰਾਮਾਤ ਨਹੀਂ ਤਾਂ ਹੋਰ ਕੀ ਹੈ ? ਜਦ ਸ੍ਰੀ ਜਨਮ-ਅਸਥਾਨ ਦੇ ਅੰਦਰ ਗੋਲੀਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋਇਆ ਤਾਂ ਭਾਈ ਕੇਹਰ ਸਿੰਘ ਇਸ ਬੱਚੇ ਨੂੰ ਨਾਲ ਲੈ ਕੇ ਅੰਦਰਲੇ ਚੌਖੰਡੀ ਵਾਲੇ ਸਿੰਘਾਂ ਵਿਚ ਸ਼ਾਮਲ ਸਨ। ਜਦ ਜ਼ਾਲਮਾਂ ਨੇ ਲਹਿੰਦੇ ਦੇ ਦਰਵਾਜ਼ੇ ਵਿਚ ਛੇਕ ਪੁਆ ਕੇ ਗੁਰਦੁਆਰਾ ਜਨਮ-ਅਸਥਾਨ ਦੇ ਅੰਦਰ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿਤੀਆਂ ਤਾਂ ਆਪ ਦੇ ਪਿਤਾ ਤੇ ਅੰਦਰਲੇ ਸਿੰਘਾਂ ਨੇ ਇਹ ਵਿਚਾਰਿਆ ਕਿ ਇਹ ਮਾਸੂਮ ਬੱਚਾ ਐਵੇਂ ਅਜਾਈਂ ਨਾ ਮਾਰਿਆ ਜਾਵੇ। ਇਹ ਸੋਚ ਕੇ ਇਸ ਨਿਰਛਲ ਬਾਲ ਨੂੰ ਅੰਦਰਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖ-ਆਸਨ ਵਾਲੀ ਬੁਖ਼ਾਰਚੀ (ਅਲਮਾਰੀ) ਵਿਚ ਵਾੜ ਕੇ ਬਾਹਰੋਂ ਤਾਕੀ ਮਾਰ ਦਿਤੀ ਗਈ।

ਜਦ ਚੌਖੰਡੀ ਦੇ ਪਹਾੜ ਵਾਲੇ ਬੂਹੇ ਦੀ ਚੂਥੀ ਪੁਟ ਕੇ ਦੁਸ਼ਟਾਂ ਨੇ ਅੰਦਰਲੇ ਸਿੰਘਾਂ ਨੂੰ ਗੋਲੀਆਂ ਨਾਲ ਧਾਣਾਂ ਵਾਂਗ ਭੁੰਨ ਸੁਟਿਆ, ਫੇਰ ਜ਼ਖ਼ਮੀਆਂ ਨੂੰ ਛਵ੍ਹੀਆਂ ਨਾਲ ਟੋਟੇ ਟੋਟੇ ਕਰ ਕੇ ਬਲਦੀਆਂ ਚਿਖਾਵਾਂ ਵਿਚ ਸੁਟ ਕੇ ਫੂਕ ਦਿਤਾ। ਇਸ ਸਮੇਂ ਇਸ ਨੀਚਤਾ ਭਰੇ ਕਾਰੇ ਵਿਚ ਵਧੇਰੇ ਹਿੱਸਾ ਕੋਟ ਸਾਧੂ ਰਾਮ ਦੇ ਬਾਜੇ ਮੁਜ਼ਾਰੇ ਲੈ ਰਹੇ ਸਨ। ਕਈ ਬਾਹਰੋਂ ਪਾਣੀ ਦੇ ਘੜੇ ਲਿਆ ਕੇ ਪਵਿਤਰ ਸ਼ਹੀਦੀ ਖੂਨ ਦੇ ਨਿਸ਼ਾਨ ਮੇਟ ਰਹੇ ਸਨ ਅਤੇ ਕਈ ਲਾਸ਼ਾਂ ਨੂੰ ਧੂਹ ਧੂਹ ਕੇ ਅੱਗ ਦੀ ਭੇਟਾ ਕਰ ਰਹੇ ਸਨ।

ਇਸ ਸਮੇਂ ਜੱਲਾਦ ਕਪੂਰ ਸਿੰਘ ਇਸ ਕੋਟ ਦਾ ਮੁਜ਼ਾਰਾ ਖੂਨ ਨਾਲ ਲਿਬੜੇ ਲੀੜੀਂ ਸ੍ਰੀ ਜਨਮ ਅਸਥਾਨ



www.AKJ.Org

ਦੀ ਕੰਧ ਨਾਲ ਢੋਹ ਲਾ ਕੇ ਖੜੋਤਾ ਸੀ। ਤਾਂ ਲੱਧੂ ਤੇ ਲਾਲ ਦਾਸ ਨੇ ਗਾਲ੍ਹ ਕਢ ਕੇ ਤੇ ਛਵ੍ਹੀ ਉਲਾਰ ਕੇ ਆਖਿਆ ਕਿ ਕੰਜਰੋ, ਸੇਵਾ ਕਿਉਂ ਨਹੀਂ ਕਰਦੇ ? ਚੰਗਾ, ਵਾਹ ਲੈਣੇ ਫੇਰ ਮੁਰੱਬੇ ! ਇਸ ਨੇ ਅਗੋਂ ਹੱਥ ਜੋੜ ਕੇ ਆਖਿਆ, "ਦਸੋ ਬਾਬਾ ਜੀ, ਸੇਵਾ ਕਿਉਂ ਨਹੀਂ ਕਰਨੀ, ਹੋਰ ਅਸੀਂ ਇਥੇ ਆਏ ਹੀ ਕੀ ਲੈਣ ਹਾਂ ? ਮੇਰੀਆਂ ਤਾਂ ਸਵੇਰ ਦੀਆਂ ਲਾਸ਼ਾਂ ਧੂਹ ਧੂਹ ਕੇ ਬਾਹਵਾਂ ਭੀ ਰਹਿ ਗਈਆਂ ਹਨ ਤੇ ਤੁਸੀਂ ਅਜੇ ਭੀ ਨਰਾਜ਼ ਜੇ ? ਸਾਹਮਣੇ ਵੇਖਦੇ ਨਹੀਂ, ਢੋ ਢੋ ਕੇ ਮੁਰਦਿਆਂ ਦੇ ਕਿਡੇ ਢੇਰ ਲਾ ਦਿਤੇ ਨੇ ?" ਬਾਵੇ ਨੇ ਆਖਿਆ ਕਿ ਇਹ ਗੱਲ ਤਾਂ ਠੀਕ ਹੈ, ਪਰ ਹੁਣ ਹੀਲੇ ਨਾਲ ਅੰਦਰ ਦੀ ਸਫਾਈ ਕਰੋ, ਜਿੰਨਾ ਕੰਮ ਫੁਰਤੀ ਨਾਲ ਹੋ ਜਾਵੇ ਓਨਾ ਹੀ ਚੰਗਾ ਹੈ। ਕਪੂਰ ਸਿੰਘ ਭਜ ਕੇ ਜਨਮ ਅਸਥਾਨ ਦੇ ਅੰਦਰ ਗਿਆ ਤਾਂ ਬੁਖ਼ਾਰਚੀ ਵਿਚੋਂ ਬਾਲਕ ਦਰਬਾਰਾ ਸਿੰਘ ਦੀ ਆਵਾਜ਼ ਆਵੇ ਕਿ ਮੈਂ ਬਾਪੂ ਨਾਲ ਸ਼ਹੀਦ ਹੋਣਾ ਹੈ। ਇਹ ਮਧਮ ਜਹੀ ਆਵਾਜ਼ ਸੁਣ ਕੇ ਕਪੂਰ ਸਿੰਘ ਨੇ ਆਖਿਆ, "ਪਤਾ ਨਹੀਂ ਏਸ ਅਲਮਾਰੀ ਵਿਚ ਕੀ ਬਲਾ ਹੈ ?" ਤਾਂ ਲੱਧੂ ਨੇ ਆਖਿਆ ਕਿ ਤੂੰ ਝਟ ਕਰ ਕੇ ਤਾਕੀ ਖੋਲ੍ਹ, ਜਦ ਐਸੀਆਂ ਵਡੀਆਂ ਵਡੀਆਂ ਬਲਾਵਾਂ ਨਹੀਂ ਛਡੀਆਂ, ਸਾੜ ਕੇ ਸਭ ਸੁਆਹ ਕਰ ਦਿਤੀਆਂ ਨੇ, ਤਾਂ ਭਲਾ ਤੈਨੂੰ ਇਹ ਅਲਮਾਰੀ ਵਾਲੀ ਬਲਾ ਕੀ ਕਹਿੰਦੀ ਏ ? ਤਾਕੀ ਦੀ ਕੁੰਡੀ ਤਾਂ ਖੋਲ੍ਹ, ਸਾਡੇ ਹੁੰਦਿਆਂ ਤੈਨੂੰ ਇਹ ਮੂੰਹ ਵਿਚ ਤਾਂ ਨਹੀਂ ਪ ਲੈਂਦੀ। ਕਪੂਰ ਸਿੰਘ ਨੇ ਇਸ ਬੱਚੇ ਨੂੰ ਧੌਣੋਂ ਫੜ ਕੇ ਬਾਹਰ ਧੂਹ ਲਿਆ। ਮਾਸੂਮ ਬੱਚਾ ਗਲਵਕੜੀ ਪਾ ਕੇ ਉਸ ਦੇ ਗਲ ਨਾਲ ਚੰਬੜ ਗਿਆ ਤੇ ਆਖਣ ਲਗਾ, "ਮੈਨੂੰ ਏਦਾਂ ਨਾ ਮਾਰੋ, ਮੈਂ ਬਾਪੂ ਨਾਲ ਛੀਦ (ਸ਼ਹੀਦ) ਹੋਣਾ ਹੈ।" ਉਸ ਕਾਤਲ ਹੈਂਸਿਆਰੇ ਨੇ ਝੰਜੋੜ ਕੇ ਆਪਣੇ ਗਲ ਨਾਲੋਂ ਜਫੀ ਲਾਹ ਕੇ, ਇਕ ਹੱਥ ਉਸ ਦੀਆਂ ਲੱਤਾਂ ਨੂੰ ਅਤੇ ਦੂਜਾ ਹੱਥ ਬਾਹਵਾਂ ਨੂੰ ਪਾ ਕੇ ਹੁਲਾਰਾ ਦੇ ਕੇ ਅੱਗ ਦੇ ਬਲਦੇ ਭਾਂਬੜ ਵਿਚ, ਜੀਉਂਦੇ ਨੂੰ ਹੀ ਵਗਾਹ ਕੇ ਮਾਰਿਆ। ਤਾਂ ਪਾਸ ਖੜੋਤੇ ਇਕ ਸਾਧ ਨੇ ਗਾਲ੍ਹ ਕਢ ਕੇ ਇਹ ਗੱਲ ਆਖੀ ਕਿ 'ਸੱਪਾਂ ਦੇ ਪੁੱਤ ਜੰਮਦੇ ਹੀ ਸੱਪ ਹੁੰਦੇ ਨੇ, ਲੈ ਹੋ ਜਾ ਬਾਪੂ ਕੋਲ ਛੀਦ (ਸ਼ਹੀਦ) !"

ਉਹ ਮਾਸੂਮ ਤੇ ਭੋਲਾ ਭਾਲਾ ਬੱਚਾ, ਜਿਸ ਨੂੰ ਇਸ ਦੇ ਪਿਤਾ ਨੇ ਜੰਮਦਿਆਂ ਹੀ ਸ਼ਹੀਦੀ ਦੀ ਦਾਤ ਆਪਣੇ ਖ਼ੂਨ ਵਿਚੋਂ ਵਿਰਸੇ ਵਿਚ ਦੇ ਛਡੀ ਸੀ, ਆਪਣੀ ਤੋਤਲੀ ਜ਼ਬਾਨ ਨਾਲ ਕੀਤੇ ਕੌਲਾਂ ਅਨੁਸਾਰ ਸੱਚ-ਮੁੱਚ ਆਪਣੇ ਸ਼ੇਰ ਮਾਰਨ ਵਾਲੇ ਬਲਵਾਨ, ਪਰ ਇਸ ਵੇਲੇ ਸ਼ਾਂਤੀ ਤੇ ਸਹਿਨ-ਸ਼ੀਲਤਾ ਨਾਲ ਸ਼ਹੀਦ ਹੋ ਚੁਕੇ ਪਿਤਾ ਦੇ ਨਾਲ ਹੀ ਸ਼ਹੀਦ ਹੋ ਗਿਆ ਅਤੇ ਆਪਣੇ ਪਿਤਾ ਦੀ ਸ਼ਹੀਦੀ ਚਿਖਾ ਵਿਚ ਜੀਉਂਦਾ ਹੀ ਆਪਣੀ ਅਹੂਤੀ ਦੇ ਕੇ, ਸਿਖ ਬੱਚਿਆਂ ਦੀ ਸ਼ਹੀਦੀ-ਯਾਦ ਨੂੰ ਮੁੜ ਤਾਜ਼ਾ ਕਰ ਗਿਆ, ਅਤੇ ਇਸ ਗੱਲ ਦਾ ਕੌਮੀ ਬੱਚਿਆਂ ਨੂੰ ਸਬਕ ਦੇ ਗਿਆ ਕਿ ਜਦ ਧਰਮ ਦੀ ਖ਼ਾਤਰ ਕੁਰਬਾਨੀ ਕਰਨ ਦੀ ਲੋੜ ਪੈਂਦੀ ਹੈ ਤਾਂ ਉਸ ਦੇ ਬੱਚੇ ਫੁਲਾਂ ਵਰਗੇ ਸੋਹਲ ਤੇ ਮਖਮਲ ਵਰਗੇ ਕੂਲੇ ਜੁੱਸਿਆਂ ਨੂੰ ਜ਼ੁਲਮ ਤੇ ਪਾਪ ਦੀ ਲਟ ਲਟ ਬਲਦੀ ਭੱਠੀ ਵਿਚ ਆਪਣੇ ਆਪ ਨੂੰ ਸਾੜ ਕੇ ਕੁਰਬਾਨ ਕਰ ਦਿੰਦੇ ਹਨ। ਜਿਥੇ ਉਨ੍ਹਾਂ ਦੀ ਇਹ ਅਦੁਤੀ ਕੁਰਬਾਨੀ, ਕੌਮ ਨੂੰ ਇਕ ਪਵਿਤਰ ਬਾਲਕ ਸ਼ਹੀਦ ਦੀ ਦਾਤ ਬਖ਼ਸ਼ ਦਿੰਦੀ ਹੈ, ਉਸ ਦੇ ਨਾਲ ਹੀ ਉਹ ਆਪਣੇ ਪੁਰਾਤਨ ਇਤਿਹਾਸ ਦੇ ਵਰਕਿਆਂ ਨੂੰ ਦੁਹਰਾ ਕੇ ਮੁੜ ਨਵੇਂ ਸਿਰੇ ਸਚਿਆਈ ਦਾ ਸਬੂਤ ਦਿੰਦੇ ਹੋਏ, ਸਿਖੀ ਦੀ ਵਡਿਆਈ ਦੁਨੀਆ ਤੇ ਪ੍ਰਗਟ ਕਰ ਦਿੰਦੀ ਹੈ।

ਧੰਨ ਹੈ ਭਾਈ ਕੇਹਰ ਸਿੰਘ ਤੇ ਉਸ ਦੀ ਮਾਤਾ ਦਾ ਜਿਗਰਾ, ਜਿਨ੍ਹਾਂ ਨੇ ਆਪਣੇ ਪੁਤਰ ਤੇ ਪੋਤਰੇ ਨੂੰ ਸ਼ਹੀਦੀ ਰੰਗਣ ਦਾ ਚੋਲਾ ਪਹਿਨਾ ਕੇ ਮੌਤ-ਵਾਟਾਂ ਦੇ ਅਮੁਕ ਪੈਂਡੇ ਪਾ ਦਿਤਾ। ਦੁਨੀਆ ਭਰ ਦਾ ਇਤਿਹਾਸ ਅਜਿਹੀਆਂ ਉਚੀਆਂ, ਸੁੱਚੀਆਂ ਤੇ ਮਾਸੂਮ ਸ਼ਹਾਦਤਾਂ ਤੋਂ ਖ਼ਾਲੀ ਪਿਆ ਹੈ। ਇਹ ਸਭ ਬਰਕਤਾਂ ਮੇਰੇ ਕਲਗੀਆਂ ਵਾਲੇ ਸ਼ਹਿਨਸ਼ਾਹ ਦੀਆਂ ਹਨ, ਜੁ ਸਿਖੀ ਇਤਿਹਾਸ ਅੰਦਰ ਇਸ ਕਿਸਮ ਦੇ ਚਮਤਕਾਰ ਨਜ਼ਰ ਆ ਰਹੇ ਹਨ।

[ਸ਼ਹੀਦੀ ਜੀਵਨ, ਪੰਨਾ ੩੫੨-੩੫੬



www.AKJ.Org

ਅਖੰਡ ਕੀਰਤਨੀ ਜਥਾ ਚੰਡੀਗੜ੍ਹ ਸਰਕਲ ਵੱਲੋਂ

# ਸ੍ਰੀ ਅਖੰਡਪਾਠ ਤੇ ਕੀਰਤਨ ਸੰਬੰਧੀ ਜ਼ਰੂਰੀ ਬੇਨਤੀਆ

੧. ਸ੍ਰੀ ਅਖੰਡ ਪਾਠ ਸਾਹਿਬ ਦੀ ਪਾਵਨ ਸੇਵਾ ਨਿਭਾਉਣ ਵਾਲੇ ਅਖੰਡ-ਪਾਠੀ ਸੱਜਣ ਆਪਣੀ ਹਰ ਇਕ ਰੌਲ (ਵਾਰੀ) ਤੇ ਠੀਕ ਸਮੇਂ ਸਕੇਸ਼ ਇਸ਼ਨਾਨ ਕਰ ਕੇ ਪਾਵਨ ਸੇਵਾ ਨਿਭਾਉਣ ।

੨. ਪਾਠੀ ਸੱਜਣ ਵਾਸਤੇ ਇਹ ਪੂਰਨ ਤੌਰ ਤੇ ਲਾਜ਼ਮੀ ਹੈ ਕਿ ਆਪਣੇ ਪਹਿਨਣ ਵਾਲੇ ਧੋਤੇ ਹੋਏ ਸਾਫ਼-ਸੁਥਰੇ ਬਸਤਰ ਇਸ ਪਾਵਨ ਸੇਵਾ ਲਈ ਰਾਖਵੇਂ ਰਖਣ । ਭਾਵ ਇਹ ਕਿ ਬਿਸਰਾਮ ਕਰਨ ਅਤੇ ਕਿਸੇ ਹੋਰ ਸੇਵਾ ਲਈ ਹੋਰਥੇ ਇਸਤਿਮਾਲ ਕੀਤੇ ਓਹੀ ਬਸਤਰ, ਓਵੇਂ ਹੀ (ਬਿਨਾਂ ਧੋਤੇ) ਪਾਠ ਦੀ ਸੇਵਾ ਲਈ ਨ ਪਹਿਨੇ ਜਾਣ ।

੩. ਸ੍ਰੀ ਅਖੰਡਪਾਠ ਤੇ ਕੀਰਤਨ-ਮੰਡਲ ਅੰਦਰ ਚੌਰ ਦੀ ਸੇਵਾ ਕਰਨ ਵਾਲੇ; ਦੇਗ ਸਜਾਉਣ, ਲਿਆਉਣ ਤੇ ਵਰਤਾਉਣ ਵਾਲੇ ਸੱਜਣਾਂ ਉਤੇ ਵੀ (ਬਸਤਰਾਂ ਤੇ ਇਸ਼ਨਾਨ ਸੰਬੰਧੀ) ਉਪਰਲੇ ਨਿਯਮ ਲਾਗੂ ਹੁੰਦੇ ਹਨ ।

੪. ਦੇਗ ਕੜਾਹੀ ਵਿਚ ਹੀ ਲਿਆ ਕੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਰਖਣੀ, ਬਹੁਤ ਅਯੋਗ ਹੈ । ਸਤਿਗੁਰੂ ਜੀਉ ਦਾ ਸਤਿਕਾਰ ਮੁਖ ਰਖਦੇ ਹੋਏ ਦੇਗ ਰਖਣ ਲਈ ਸਰਬ ਲੋਹ ਦਾ ਸਾਫ਼-ਸੁਥਰਾ ਅਤੇ ਵਧ ਤੋਂ ਵਧ ਸੁੰਦਰ ਵਡਾ ਬਾਟਾ ਜਾਂ ਕੋਈ ਹੋਰ ਸਰਬ ਲੋਹ ਦਾ ਯੋਗ ਬਰਤਨ ਇਸ ਕੰਮ ਲਈ ਵਰਤਿਆ ਜਾਵੇ ।

੫. ਸ੍ਰੀ ਅਖੰਡ-ਪਾਠ-ਮੰਡਲ ਅੰਦਰ ਸਭਨਾਂ ਪ੍ਰੇਮੀਆਂ (ਸ੍ਰੋਤਿਆਂ) ਨੂੰ ਪੂਰਨ ਭੈ-ਭਾਵਨੀ ਸਹਿਤ ਪਾਵਨ ਗੁਰਬਾਣੀ ਸ੍ਰਵਣ ਕਰਨੀ ਚਾਹੀਦੀ ਹੈ । ਕਿਸੇ ਤਰ੍ਹਾਂ ਦੀ ਬਾਤ-ਚੀਤ ਕਰਨ ਤੋਂ ਪੂਰਾ ਸੰਕੋਚ ਕੀਤਾ ਜਾਵੇ । ਅਖੰਡ-ਪਾਠ ਦੀ ਰੌਲ ਲਾਉਣ ਆਦਿਕ ਲਈ ਵੀ ਗੱਲ ਕਰਨੀ ਹੋਵੇ, ਉਹ ਵੀ ਅਖੰਡ-ਪਾਠ-ਮੰਡਲ ਤੋਂ ਬਾਹਰ ਜਾ ਕੇ ਉਤਨੀ ਧੀਰੇ ਹੋਵੇ ਕਿ ਪਾਠ-ਮੰਡਲ ਅੰਦਰ ਆਵਾਜ਼ ਨਾ ਪੁੱਜੇ ।

੬. ਲੰਗਰ-ਅਸਥਾਨ ਤੇ ਵਧ ਤੋਂ ਵਧ ਸਮਾਂ (ਲੰਗਰ ਸਜਾਉਣ, ਵਰਤਾਉਣ ਆਦਿਕ ਦੀ ਸੇਵਾ ਕਰਨ ਵਾਲੇ ਪ੍ਰੇਮੀਆਂ ਦਾ) ਸੇਵਾ ਦੇ ਨਾਲ ਹੀ ਗੁਰਬਾਣੀ ਦੇ ਪਾਠ ਜਾਂ ਅਭਿਆਸ ਵਿਚ ਹੀ ਬੀਤੇ । ਲੰਗਰ-ਅਸਥਾਨ ਤੇ ਘਰੇਲੂ ਗੱਲਾਂ, ਨਿੰਦਾ ਜਾਂ ਹਾਸਾ-ਮਖ਼ੌਲ ਬਿਲਕੁਲ ਮਨ੍ਹਾ ਹਨ ।

੭. ਅੰਮ੍ਰਿਤ ਵੇਲੇ, ਅੰਮ੍ਰਿਤਧਾਰੀ ਗੁਰ-ਭਾਈਆਂ ਨਾਲ ਮਿਲ ਕੇ ਇਕ-ਸੁਰ ਹੋ ਕੇ ਕੀਤਾ ਨਾਮ-ਅਭਿਆਸ ਬੜਾ ਹੀ ਲਾਹੇਵੰਦਾ ਹੈ । ਸਮਾਗਮਾਂ ਵਿਖੇ, ਰਿਹਾਇਸ਼-ਅਸਥਾਨ ਤੇ ਅੰਮ੍ਰਿਤ ਵੇਲੇ ਦੇ ਨਾਮ ਅਭਿਆਸ ਤੇ ਨਿਤਨੇਮ ਲਈ ਅਸਥਾਨ ਨੀਯਤ ਕਰ ਕੇ, ਜਥੇ ਦੇ ਸਭ ਮੈਂਬਰਾਂ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ, ਤਾਕਿ ਜੱਥੇ ਦੇ ਸਭ ਮੈਂਬਰ ਮਿਲ ਕੇ ਸੰਗਤੀ ਨਾਮ ਅਭਿਆਸ ਤੇ ਨਿਤਨੇਮ ਲਈ ਅੰਮ੍ਰਿਤ ਵੇਲੇ ਇਕ ਵਜੇ ਜੁਟ ਬੈਠਣ । ਸਾਰੇ ਗੁਰਸਿਖ ਸਾਵਧਾਨਤਾ ਸਹਿਤ ਇਕ-ਸੁਰ ਹੋ ਕੇ ਨਾਮ-ਅਭਿਆਸ ਦੇ ਲਾਹੇ ਲੈਣ । ਨਿਤਨੇਮ ਬਾਣੀਆਂ ਦੇ ਪਾਠ ਸੁਣਾਉਣ ਦੀ ਸੇਵਾ, ਉੱਚੀ ਸੁਰ ਵਿਚ ਪਾਠ ਕਰਨ ਵਾਲੇ ਪ੍ਰੇਮੀ ਨਿਭਾਉਣ, ਤਾਕਿ ਸਾਰੇ ਅਭਿਆਸੀ ਪਾਠ ਸਪਸ਼ਟ ਸੁਣ ਸਕਣ ।

---

**ਚਿੱਟ ਨੰਬਰ :—** ਪਾਠਕ ਜੀ, ਚਿੱਠੀ ਪੱਤਰ ਕਰਨ ਅਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਜੋ ਪਰਚਾ ਆਪ ਨੂੰ ਭੇਜਿਆ ਜਾਂਦਾ ਹੈ, ਉਸ ਉਪਰ ਸਿਰਨਾਵੇਂ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ ।



www.AKJ.Org

# ਸਰਬ-ਲੋਹ ਕਿਉਂ ਨਹੀਂ ?

[ਸ. ਅਮਰਜੀਤ ਸਿੰਘ ਜੀ, ਸੌਇਲ ਵਿਭਾਗ, ਖੇਤੀ ਯੂਨੀਵਰਸਿਟੀ, ਲੁਧਿਆਣਾ]

ਅਖੰਡ ਕੀਰਤਨੀ ਜਥੇ ਦੇ ਸਲਾਨਾ ਕੇਂਦਰੀ ਸਮਾਗਮਾਂ ਵਿਚ ਸਰਬ ਲੋਹ ਵਿਚ ਹੀ ਲੰਗਰ ਤਿਆਰ ਹੁੰਦਾ ਤੇ ਸਰਬ ਲੋਹੀ ਬਾਟਿਆਂ ਵਿਚ ਹੀ ਛਕਿਆ ਜਾਂਦਾ ਹੈ। ਇਹ ਪਰਪਾਟੀ ਭਾਈ ਸਾਹਿਬ ਜੀ ਦੇ ਵੇਲੇ ਤੋਂ ਹੀ ਚਲੀ ਆ ਰਹੀ ਹੈ। ਕਹਿੰਦੇ ਹਨ ਕਿ ਸਰਬ-ਲੋਹੀ ਪੂਰਨ ਬਿਬੇਕੀ ਸਿੰਘ ਉਤੇ ਖ਼ਾਲਸਈ ਫ਼ੌਜਾਂ ਦਾ ਪਹਿਰਾ ਹੁੰਦਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਰਬ ਲੋਹ ਪਿਆਰਾ ਸੀ :

ਅਕਾਲ ਪੁਰਖ ਕੀ ਰਛਾ ਹਮਨੈ। ਸਰਬ ਲੋਹ ਦੀ ਰਛਿਆ ਹਮਨੈ।
ਸਰਬ ਕਾਲ ਜੀ ਦੀ ਰਛਿਆ ਹਮਨੈ। ਸਰਬ ਲੋਹ ਜੀ ਦੀ ਰਛਿਆ ਹਮਨੈ।

—ਅਕਾਲ ਉਸਤਤਿ—ਅਰੰਭ

ਜਿਥੇ ਸਰਬ ਲੋਹ ਵਿਚ ਅਨੇਕਾਂ ਗੁਣ ਪਾਏ ਜਾਂਦੇ ਹਨ ਉਥੇ ਸਟੀਲ, ਤਾਂਬਾ, ਕਾਂਸ਼ੀ ਆਦਿਕ ਵਿਚ ਕੋਈ ਗੁਣ ਨਹੀਂ ਮਿਲਦਾ। ਸਰਬ ਲੋਹ ਖੁਰਨ ਵਾਲੀ ਧਾਤ ਹੈ। ਸਰਬ ਲੋਹ ਵਿਚ ਪਕਾਏ ਹੋਏ ਲੰਗਰ ਵਿਚ ਲੋਹ ਦੀ ਕਾਫ਼ੀ ਮਾਤਰਾ ਜਜ਼ਬ ਹੋ ਜਾਂਦੀ ਹੈ, ਜਿਸਤੋਂ ਛਕਣ ਵਾਲੇ ਦੇ ਸਰੀਰ ਵਿਚੋਂ ਲੋਹ ਦੀ ਘਾਟ ਪੂਰੀ ਹੁੰਦੀ ਹੈ। ਲੰਗਰ ਵੀ ਜ਼ਿਆਦਾ ਸੁਆਦਲਾ ਬਣਦਾ ਹੈ। ਇਸਦੇ ਮੁਕਾਬਲੇ ਦੂਸਰੇ ਬਰਤਨਾਂ ਵਿਚ ਤਾਂ ਬਿਮਾਰੀ ਆਦਿਕ ਦਾ ਡਰ ਵੀ ਰਹਿੰਦਾ ਹੈ। ਸਰਬ ਲੋਹ ਨੇ ਸਰੀਰ ਵਿਚ ਜਾ ਕੇ ਆਪਣੇ ਵਰਗੀ ਹੀ ਤਾਕਤ ਬਖਸ਼ਣੀ ਹੈ।

ਕਿਸੇ ਧਰਮ ਵਿਚ ਵੀ ਜੂਠ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਸਟੀਲ ਆਦਿਕ ਭਾਂਡਿਆਂ ਨੂੰ, ਮਾਂਜਣ ਦੀ ਬਜਾਏ, ਅਸੀਂ ਸਿਰਫ ਜਲ ਨਾਲ ਧੋ ਕੇ ਸਾਰ ਲੈਂਦੇ ਹਾਂ। ਇਸ ਤਰ੍ਹਾਂ ਉਨ੍ਹਾਂ ਦੀ ਜੂਠ ਪੂਰੀ ਤਰ੍ਹਾਂ ਨਹੀਂ ਉਤਰਦੀ। ਸਰਬ ਲੋਹ ਨੂੰ ਸੁੱਕ-ਮਾਂਜ ਕੀਤਾ ਜਾਂਦਾ ਹੈ, ਇਸ ਕਰਕੇ 'ਜੂਠ' ਇਸਦੇ ਨੇੜੇ ਤੇੜੇ ਵੀ ਨਹੀਂ ਖਲੋਂਦੀ।

ਸਰਬ ਲੋਹ ਦੇ ਨਾਲ ਹੀ ਇਕ ਹੋਰ ਪਰੰਪਰਾ ਇਹ ਹੈ ਕਿ ਲੰਗਰ ਵਿਚ ਸਿਰਫ਼ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਹੀ ਸੇਵਾ ਕਰ ਸਕਦਾ ਹੈ। ਪਰ ਕਈ ਸਮਾਗਮਾਂ ਵਿਚ ਦਾੜ੍ਹੀ ਮੁੰਨੀ-ਤੁੰਨੀ ਵਾਲੇ ਸੇਵਾ ਕਰਦੇ ਵੇਖੇ ਗਏ ਹਨ। ਉਨ੍ਹਾਂ ਨੂੰ ਕੋਈ ਵੀ ਪ੍ਰਬੰਧਕ ਸੇਵਾ ਕਰਨ ਤੋਂ ਨਹੀਂ ਵਰਜਦਾ। ਜੇਕਰ ਅਸੀਂ ਇਸ ਬੁਰਾਈ ਉਤੇ ਕਾਬੂ ਨਾ ਪਾਇਆ ਤਾਂ ਸਾਡੀ ਪਰੰਪਰਾ ਨੂੰ ਢਾਹ ਲਗਣੀ ਸ਼ੁਰੂ ਹੋ ਜਾਵੇਗੀ। ਸੋ ਇਹ ਢਿਲ ਬਿਲਕੁਲ ਨਹੀਂ ਹੋਣੀ ਚਾਹੀਦੀ। ਪੂਰਨ ਤੌਰ ਤੇ ਸਰਬ ਲੋਹ ਦੇ ਬਰਤਨਾਂ ਵਿਚ ਤਿਆਰ-ਬਰ-ਤਿਆਰ ਸਿੰਘਾਂ ਦੀ ਦੇਖ ਰੇਖ ਹੇਠ ਹੀ ਲੰਗਰ ਸਜਾਉਣ ਤੇ ਵਰਤਾਉਣ ਦੀ ਸੇਵਾ ਹੋਣੀ ਚਾਹੀਦੀ ਹੈ। ਅਸੀਂ ਨਿੱਤ ਅਰਦਾਸ ਵਿਚ ਕਹਿੰਦੇ ਹਾਂ "ਗੁਰੂ ਕਾ ਲੰਗਰ ਤਿਆਰ ਹੈ, ਆਪ ਜੀ ਕੋ ਭੋਗ ਲੱਗੇ" ਜਾਂ "ਦਰ ਪਰਵਾਨ ਹੋਵੇ"। ਕੀ ਮੁੰਨੀ-ਤੁੰਨੀ ਵਾਲੇ ਕੱਚ-ਘਰੜਾਂ ਦੁਆਰਾ ਤਿਆਰ ਕੀਤਾ ਲੰਗਰ "ਗੁਰੂ ਕਾ" ਹੋ ਸਕਦਾ ਹੈ ? ਗੁਰੂ ਕਾ ਤਾਹੀਉਂ ਹੋ ਸਕਦਾ ਹੈ ਜੇਕਰ ਉਸਨੂੰ "ਗੁਰੂ-ਵਾਲੇ" (ਤਿਆਰ-ਬਰ-ਤਿਆਰ ਸਿੰਘ) ਤਿਆਰ ਕਰਨਗੇ।

---


# ਗੁਰਮਤਿ ਪਰਚਾਰ ਸੇਵਾ

ਬਿਨਾਂ ਮੋਖ ਤੋਂ ਹੇਠ ਲਿਖੀਆਂ ਪੁਸਤਕਾਂ ਲਓ ! ਮੁਲ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਵੋ। ਗੁਰਮਤਿ ਪ੍ਰਚਾਰ ਲਈ ਤਿਲ ਫੁਲ ਸੇਵਾ ਪਰਵਾਨ ਕੀਤੀ ਜਾਂਦੀ ਹੈ। ਪੁਸਤਕਾਂ ਦਾ ਡਾਕ ਖਰਚ ਪਹਿਲਾਂ ਭੇਜ ਦੇਵੋ ਜੀ—

Autobiography of Bhai Randhir Singh ਅੰਗਰੇਜ਼ੀ ਜੇਲ੍ਹ ਚਿਠੀਆਂ, ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ, ਰੰਗਲੇ ਸਜਣ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ, ਸਿਖ ਸਿਦਕ ਨ ਹਾਰੇ, ਰਾਧਾ ਸੁਆਮੀ ਬਾਬਿਆਂ ਦੇ ਕਾਲੇ ਲੇਖ, ਸਤਿਗੁਰ ਮੀਰ।

ਦਾਸਰਾ—ਮਦਨ ਸਿੰਘ, Appolloway, Perry Barr, Birmingham-B20, phone 021-356, 7070


www.AKJ.Org

## ਭਾ: ਸਾ: ਰਣਧੀਰ ਸਿੰਘ ਸਕਾਲਰਸ਼ਿਪ ਤੇ ਕੀਰਤਨ-ਉਤਸ਼ਾਹਤ ਪ੍ਰੋਗਰਾਮ

(1) ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਗੁਰਸਿਖ ਬੱਚੇ ਬੱਚੀਆਂ ਵਲੋਂ 1983-84 ਦੇ ਵਜ਼ੀਫਿਆਂ ਲਈ ਫਾਰਮ ਭਰ ਕੇ ਹੇਠ ਲਿਖੇ ਪਤੇ ਤੇ ਜੁਲਾਈ 83 ਵਿਚ ਪੁਜ ਜਾਣੇ ਚਾਹੀਦੇ ਹਨ। ਇਹ ਫਾਰਮ ਇਸੇ ਪਤੇ ਤੋਂ ਇਕ ਰੁਪਏ ਦਾ ਮਨੀਆਰਡਰ ਭੇਜ ਕੇ ਮੰਗਵਾਓ।

ਮਾ: ਹਰਬੰਸ ਸਿੰਘ ਜੀ ਕੁਅਪਟਿਡ ਮੈਂਬਰ ਇੰਚਾਰਜ ਸਕਾਲਰਸ਼ਿਪ ਬੋਰਡ (ਅਖੰਡ ਕੀਰਤਨੀ ਜਥਾ)
C/o ਨਵਯੁਗ ਪ੍ਰੈਸ, ਚਾਂਦਨੀ ਚੋਕ, ਦਿਲੀ–6

(2) ਅੰਮ੍ਰਿਤਧਾਰੀ ਗੁਰਸਿਖ ਬੱਚੇ ਬੱਚੀਆਂ ਵਿਚ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਵਧੇਰੇ ਉਤਸ਼ਾਹ ਪੈਦਾ ਕਰਨ ਲਈ "**ਕੀਰਤਨ ਉਤਸ਼ਾਹਤ ਪ੍ਰੋਗਰਾਮ**" ਉਲੀਕਿਆ ਗਿਆ ਹੈ। ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਰੈਣ ਸਬਾਈ ਕੀਰਤਨ ਵਿਚ ਰਾਤ ਦੇ ਦਸ ਵਜੇ ਉਨ੍ਹਾਂ ਬੱਚਿਆਂ ਨੂੰ ਸਨਮਾਨਤ ਕੀਤਾ ਜਾਵੇਗਾ, ਜੋ ਆਸਾ ਜੀ ਦਾ ਵਾਰ ਦਾ ਕੀਰਤਨ ਛਕਿਆਂ ਸਮੇਤ ਜ਼ਬਾਨੀ ਕਰਨ ਦੀ ਯੋਗਤਾ ਰਖਦੇ ਹੋਣਗੇ। ਵੈਸਾਖੀ ਸਮਾਗਮ ਤੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰਨ ਪਿਛੋਂ ਅਜਿਹੇ ਬੱਚਿਆਂ ਦਾ ਟੈਸਟ ਲਿਆ ਜਾਵੇਗਾ। ਉਮਰ ਵਿਚ ਛੋਟੇ ਬੱਚਿਆਂ ਨੂੰ 500, 250 ਤੇ 125 ਰੁਪਏ ਦਾ ਪਹਿਲਾ ਦੂਜਾ ਤੇ ਤੀਜਾ ਇਨਾਮ ਦਿਤਾ ਜਾਵੇਗਾ। ਪਾਸ ਹੋਣ ਵਾਲੇ ਸਭ ਬੱਚਿਆਂ ਨੂੰ ਯੋਗ ਇਨਾਮ ਦਿਤੇ ਜਾਣਗੇ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ 25 ਸਾਲ ਤੋਂ ਘਟ ਉਮਰ ਦੇ ਰਹਿਤ-ਬਹਿਤ ਵਿਚ ਪਰਪੱਕ ਗੁਰਸਿਖ ਬੱਚੇ ਬੱਚੀਆਂ ਆਪਣਾ ਨਾਮ, ਪੂਰਾ ਪਤਾ ਤੇ ਜਨਮ ਦੀ ਤਰੀਕ ਲਿਖ ਕੇ ਮੈਨੇਜਰ 'ਸੂਰਾ' ਅੰਮ੍ਰਿਤਸਰ ਨੂੰ 31 ਮਾਰਚ 83 ਤਕ ਭੇਜਣ ਦੀ ਕਿਰਪਾਲਤਾ ਕਰਨ। ਬਾਹਰੋਂ ਕੁਝ ਸਜਣਾਂ ਨੇ ਲਿਖਿਆ ਹੈ ਕਿ ਇਨ੍ਹਾਂ ਇਨਾਮਾਂ ਦੀ ਰਕਮ ਵਿਚ ਹੋਰ ਵਾਧਾ ਕਰਨ ਲਈ ਉਹ ਸੇਵਾ ਕਰਨ ਨੂੰ ਤਿਆਰ ਹਨ।

ਸੰਗਤਾਂ ਦਾ ਦਾਸ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

---

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ– ਨਾਂ, ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ<br>ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:)<br>੧੦੨–ਰਾਣੀ ਕਾ ਬਾਗ, ਅੰਮ੍ਰਿਤਸਰ। |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪ੍ਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੮੩ ਦਸਖ਼ਤ ਪਬਲਿਸ਼ਰ–ਸੇਵਾ ਸਿੰਘ

---

## ਪਿੰਡ ਛੋਕਰਾਂ (ਜ਼ਿਲਾ ਜਲੰਧਰ) ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

ਪ੍ਰੋਫੈਸਰ ਦਰਸ਼ਨ ਸਿੰਘ ਬੇਨਤੀ ਕਰਦੇ ਹਨ ਕਿ ਪਿੰਡ ਛੋਕਰਾਂ, ਨੇੜੇ ਅਪਰਾ ਮੰਡੀ, ਤਸੀਲ ਫਿਲੌਰ ਵਿਖੇ ੨ ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਰਬੱਤ ਸੰਗਤਾਂ ਦਰਸ਼ਨ ਬਖਸ਼ਣ।



www.AKJ.Org

# ਸਰਕਾਰ ਸਿਖਾਂ ਤੋਂ ਖੁਲ੍ਹੇ ਆਮ ਮੁਆਫੀ ਮੰਗੇ

## ਖਾਲਿਸਤਾਨ ਦੀ ਮੰਗ ਉਠੀ ਤਾਂ ਜ਼ਿਮੇਵਾਰੀ ਭਜਨ ਲਾਲ ਵਰਗਿਆਂ ਦੀ–ਖੁਸ਼ਵੰਤ ਸਿੰਘ

ਨਵੀਂ ਦਿਲੀ; ੨੪ ਫਰਵਰੀ—(ਯੂ. ਐਨ. ਆਈ.) ਨਾਮਜ਼ਦ ਮੈਂਬਰ ਸ: ਖੁਸ਼ਵੰਤ ਸਿੰਘ ਨੇ ਅਜ ਰਾਜ ਸਭਾ ਵਿਚ ਮੰਗ ਕੀਤੀ ਕਿ ਏਸ਼ੀਆਈ ਖੇਡਾਂ ਦੌਰਾਨ ਸਿਖਾਂ ਨਾਲ ਜੋ ਵਿਤਕਰੇ ਵਾਲਾ ਸਲੂਕ ਕੀਤਾਂ ਗਿਆ, ਸਰਕਾਰ ਉਸ ਲਈ ਖੁਲ੍ਹੇ ਆਮ ਮੁਆਫ਼ੀ ਮੰਗੇ ਅਤੇ ਇਹ ਭਰੋਸਾ ਦੇਵ ਕਿ ਅਜਿਹੀਆਂ ਗੱਲਾਂ ਭਵਿਖ ਵਿਚ ਕਦੇ ਨਹੀਂ ਹੋਣਗੀਆਂ। ਸ: ਖੁਸ਼ਵੰਤ ਸਿੰਘ ਰਾਸ਼ਟਰਪਤੀ ਦੇ ਭਾਸ਼ਨ ਤੇ ਧੰਨਵਾਦ ਦੇ ਮਤੇ ਤੇ ਬਹਿਸ ਵਿਚ ਹਿਸਾ ਲੈ ਰਹੇ ਸਨ। ਉਨ੍ਹਾਂ ਕਿਹਾ ਕਿ ਭਾਰਤ ਵਿਚ ਇਹ ਪਹਿਲਾ ਮੌਕਾ ਹੈ ਕਿ ਕੁਛ ਲੋਕਾਂ ਨਾਲ ਇਸ ਲਈ ਵਿਤਕਰਾ ਕੀਤਾ ਗਿਆ ਕਿ ਉਹ ਸਿਖ ਸਨ। ਉਹਨਾਂ ਕਿਹਾ ਕਿ ਏਸ਼ੀਆਈ ਖੇਡਾਂ ਤੋਂ ੧੫ ਦਿਨ ਪਹਿਲਾਂ ਤੋਂ ਦਿਲੀ ਆਉਣ ਵਾਲੇ ਹਰ ਸਿੱਖ ਨੂੰ ਰੋਕਿਆ ਗਿਆ ਤੇ ਪੁਲਿਸ ਵਲੋਂ ਪੁਛਗਿਛ ਕੀਤੀ ਗਈ। ਉਦੋਂ ਹਰ ਸਿੱਖ ਨੂੰ ਅਕਾਲੀ ਸਮਝਿਆ ਗਿਆ। ਇਸ ਦੇ ਬਾਵਜੂਦ ਸਰਕਾਰ ਵਲੋਂ ਇਸ ਬਾਰੇ ਸਪੱਸ਼ਟੀਕਰਨ ਦੇਣਾ ਜਰੂਰੀ ਨਹੀਂ ਸਮਝਿਆ ਗਿਆ। ਸ ਖੁਸ਼ਵੰਤ ਸਿੰਘ ਨੇ ਕਿਹਾ ਕਿ ਉਹ ਖਾਲਿਸਤਾਨ ਦੀ ਮੰਗ ਤੇ ਅਕਾਲੀਆਂ ਦੀਆਂ ਕੁਝ ਮੰਗਾਂ ਦੇ ਵਿਰੋਧੀ ਹਨ ਪਰ ਜੇ ਖਾਲਿਸਤਾਨ ਦੀ ਮੰਗ ਫੇਰ ਉਠੀ ਤਾਂ ਇਸ ਦੀ ਜ਼ੁਮੇਵਾਰੀ ਹਰਿਆਣਾ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਜਿਹੇ ਪੈਦਿਆਂ ਅਤੇ ਉਨ੍ਹਾਂ ਦੀ ਪੁਲਸ ਤੇ ਹੋਵੇਗੀ। ਉਨ੍ਹਾਂ ਇਸ ਗਲ ਤੇ ਅਫਸੋਸ ਪ੍ਰਗਟ ਕੀਤਾ ਕਿ ਰਾਸ਼ਟਰਪਤੀ ਨੇ ਪੰਜਾਬ ਬਾਰੇ ਆਪਣੇ ਭਾਸ਼ਣ ਵਿਚ ਅਧੇ ਮਿੰਟ ਵਿਚ ਗਲ ਮੁਕਾ ਦਿਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੀ ਇਕ ਨਵਾਂ ਆਸਾਮ ਬਣ ਰਿਹਾ ਹੈ ਜੋ ਕਿ ਸ਼ਾਇਦ ਉਨਾ ਹੀ ਖੂਨੀ ਹੋਵੇਗਾ। ਰੋਜ਼ਾਨਾ ਅਜੀਤ, ੨੫-੨-੮੩

---

## ਫਤੇਪੁਰ (ਆਦਮਪੁਰ) ਵਿਖੇ ਅਖੰਡ ਕੀਰਤਨ ਸਮਾਗਮ

ਸਤਿਗੁਰਾਂ ਨੇ ਦਾਸਾਂ ਨੂੰ ਬੁਜ਼ੁਗੀ ਦੀ ਬਖਸ਼ਸ਼ ਕੀਤੀ ਹੈ। ਸ਼ੁਕਰਾਨੇ ਵਜੋਂ ੫ ਮਾਰਚ ਸ਼ਾਮ ਨੂੰ ੬-੩੦ ਤੋਂ ੯ ਤਕ ਅਤੇ ਐਤਵਾਰ ੬ ਮਾਰਚ ਸਵੇਰੇ ੫ ਵਜੇ ਤੋਂ ਦੁਪਹਿਰ ੧ ਵਜੇ ਤਕ ਅਖੰਡ ਕੀਰਤਨ ਅਖਾੜੇ ਸਜਣਗੇ। ਦਾਸਾਂ ਨੂੰ ਖੁਸ਼ੀਆਂ ਬਖਸ਼ਣ ਲਈ ਆਇ ਦੀਦਾਰ ਦੇਵੋ ਜੀ। ਫਤੇਪੁਰ ਆਦਮਪੁਰ ਤੋਂ ਇਕ ਕਿਲੋਮੀਟਰ ਹੁਸ਼ਿਆਰਪੁਰ ਵਾਲੀ ਸੜਕ ਤੇ ਹੈ। ਬਸ ਸਟੈਂਡ ਤੋਂ ਰਿਕਸ਼ੇ ਮਿਲ ਜਾਂਦੇ ਹਨ।

ਦਾਸਰਾ — ਅਮੋਲਕ ਸਿੰਘ, ਫਤੇਪੁਰ, ਆਦਮਪੁਰ (ਜਲੰਧਰ)

---

## ਜੈਤੋ ਮੰਡੀ (ਫਰੀਦਕੋਟ) ਵਿਖੇ ਰੈਣ ਸਬਾਈ ਕੀਰਤਨ

ਭਾਈ ਕਰਤਾਰ ਸਿੰਘ ਜੀ ਗੁੰਬੀ ਬੇਨਤੀ ਕਰਦੇ ਹਨ ਕਿ ਗੁ: ਸ੍ਰੀ ਗੁਰੂ ਸਿੰਘ ਸਭਾ, ਵਸਤੀ ਹਿੰਮਤਪੁਰਾ, ਜੈਤੋ ਮੰਡੀ ਵਿਖੇ ੫ ਮਾਰਚ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਦਰਸ਼ਨ ਬਖਸ਼ਣ।

---

## ਸ੍ਰੀ ਅੰਮ੍ਰਿਤਸਰ ਇਤਿਹਾਸਕ ਗੁਰ-ਅਸਥਾਨਾਂ ਵਿਖੇ ਕੀਰਤਨ

| | | |
|---|---|---|
| (੧) ਗੁਰਦਵਾਰਾ ਲੋਹਗੜ੍ਹ ਸਾਹਿਬ ਵਿਖੇ | ੨੦ ਮਾਰਚ ਐਤਵਾਰ ਸ਼ਾਮ | ੫-੩੦ ਤੋਂ ੭-੩੦ |
| (੨) ਗੁਰਦਵਾਰਾ ਗੁਰੂ ਕੇ ਮਹਿਲ ਵਿਖੇ | ੨੭ ਮਾਰਚ ਐਤਵਾਰ ਸ਼ਾਮ | ੫-੩੦ ਤੋਂ ੭-੩੦ |
| (੩) ਗੁਰਦਵਾਰਾ ਪਿਪਲੀ ਸਾਹਿਬ ਪੁਤਲੀ ਘਰ ਵਿਖੇ | ੩ ਅਪ੍ਰੈਲ ਐਤਵਾਰ ਸ਼ਾਮ | ੫-੩੦ ਤੋਂ ੯-੦੦ |

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ ਅਤੇ ਕਮੇਟੀ ਦੀ ਨਵੀਂ ਚੋਣ

ਭਾਈ ਗੁਰਨਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਯੂ. ਕੇ. ਰੈਡਿੰਗ ਤੋਂ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ. ਦੇ ਸੇਵਾਦਾਰਾਂ ਦੀ ਕਮੇਟੀ ਦੀ ਨਵੀਂ ਚੋਣ ੨੬-੩-੮੩ ਸ਼ਨੀਵਾਰ ੨-੩੦ ਦੁਪਹਿਰ ਨੂੰ Guru Nanak Gurdwara High Streer, Smethwick Birmingham ਵਿਖੇ ਸ਼ੁਰੂ ਹੋਵੇਗੀ। ਜਥੇ ਦੇ ਸਮੂਹ ਸਿੰਘ ਸਿੰਘਣੀਆਂ ਸਮੇਂ ਸਿਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਜੀ। ਉਸੇ ਸ਼ਾਮ ਨੂੰ ਗੁਰਦਵਾਰਾ ਸਾਹਿਬ ਵਿਖੇ ਰੈਣ ਬਾਈ ਕੀਰਤਨ ਹੋਣਗੇ, ਜਿਸ ਦੀ ਸਮਾਪਤੀ ੨੭-੩-੮੩ ਨੂੰ ਸਵੇਰੇ ੬ ਵਜੇ ਹੋਵੇਗੀ।

---

ਮੋਗਾ ਗੁਰਦਵਾਰਾ ਸੰਤ ਬਾਬਾ ਗੁਲਾਬ ਸਿੰਘ ਮੇਨ ਬਜ਼ਾਰ ਵਿਖੇ ੧੨ ਮਾਰਚ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੇ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।



www.AKJ.Org

## ਭਾਈ ਇਕਬਾਲ ਸਿੰਘ ਜੀ ਵਿਛੋੜਾ ਦੇ ਗਏ

ਗੁਰੂ ਘਰ ਦੇ ਕੀਰਤਨੀਏ ਭਾਈ ਜੀਵਨ ਸਿੰਘ ਜੀ (ਜੋ ਅੱਜ ਕਲ੍ਹ ਕੈਨੇਡਾ, ਇੰਗਲੈਂਡ ਤੇ ਜਰਮਨੀ ਵਿਖੇ ਸੰਗਤਾਂ ਨੂੰ ਕੀਰਤਨ ਸ੍ਰਵਣ ਕਰਾਉਣ ਅਤੇ ਕੀਰਤਨ ਸਿਖਾਉਣ ਦੀ ਸੇਵਾ ਕਰ ਰਹੇ ਹਨ) ਉਨ੍ਹਾਂ ਦੇ ਬਨੋਈ ਅਤੇ ਕੀਰਤਨ ਵਿਚ ਤਬਲੇ ਦੀ ਸੇਵਾ ਨਿਭਾਉਣ ਵਾਲੇ ਸਾਥੀ ਭਾਈ ਇਕਬਾਲ ਸਿੰਘ ਜੀ 4-2-83 ਰਾਤ 10 ਵਜੇ ਅਚਨਚੇਤ ਪਰਲੋਕ ਨੂੰ ਪਿਆਨੇ ਕਰ ਗਏ ਹਨ। ਉਨ੍ਹਾਂ ਦੇ ਨਮਿਤ 13 ਫਰਵਰੀ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਨੀਰੂ ਮਾਡਲ ਟਾਊਨ ਵਿਖੇ ਅਖੰਡ ਕੀਰਤਨੀ ਜਥੇ ਵਲੋਂ ਗੁਰਬਾਣੀ ਦੇ ਕੀਰਤਨ ਹੋਏ। ਅਰਦਾਸ ਵਿਚ ਹਜ਼ਾਰਾਂ ਸਿਖ-ਸੰਗਤਾਂ ਨੇ ਹਾਜ਼ਰੀ ਭਰੀ। ਅਰਦਾਸ ਹੈ, ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। —'ਸੂਰਾ' ਪਰਵਾਰ

---

## ਰਿਸ਼ਤੇ ਨਾਤੇ :

(੧) ਚਿਠੀ ਇਸ ਪਤੇ ਤੇ ਲਿਖੋ—ਫਾਰਮ ਨੰਬਰ ... ... ... ... ...
c/o ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।

(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ।

(੩) ਰਿਸ਼ਤੇ ਨਾਤੇ ਦਾ ਫ਼ਾਰਮ 'ਸੂਰਾ' ਦਫਤਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੰਗਵਾਓ।

**ਫਾਰਮ ਨੰ:** 177 :—ਇਕ 26 ਸਾਲਾ ਅੰਮ੍ਰਿਤਧਾਰੀ ਬੀਬੀ, '5—2'', ਐਫ. ਏ. ਪਾਸ, ਮਾਸਕ ਤਨਖਾਹ 1025/—ਰੁਪਏ, ਲਈ ਸਰਵਿਸਮੈਨ ਯੋਗ ਵਰ ਦੀ ਲੋੜ ਹੈ।

**ਫਾਰਮ ਨੰ:** 178 :—ਇਕ 29 ਸਾਲਾ ਬੀ. ਏ. ਪਾਸ ਆੜ੍ਹਤੀ ਫਰੂਟ ਕੰਪਨੀ ਕਦ 5'—5'' ਲਈ ਯੋਗ ਨਾਤੇ ਦੀ ਲੋੜ ਹੈ।

**ਫਾਰਮ ਨੰ:** 179 :—ਇਕ 27 ਸਾਲਾ ਅੰਮ੍ਰਿਤਧਾਰੀ. ਖੇਤੀ ਬਾੜੀ ਇੰਸਪੈਕਟਰ ਨਿਤਨੇਮੀ ਸਿੰਘ, ਕਦ 5'—6'' ਲਈ ਪੜ੍ਹੀ ਲਿਖੀ ਅਤੇ ਯੋਗ ਨਾਤੇ ਦੀ ਲੋੜ ਹੈ। ਸਰਵਿਸ ਵਾਲੀ ਨੂੰ ਪਹਿਲ ਦਿਤੀ ਜਾਏਗੀ।

**ਫਾਰਮ ਨੰ:** 180 :—ਇਕ 26 ਸਾਲਾ ਐਡਵੋਕੇਟ ਕਦ 5 ਫੁਟ, ਮਾਸਕ ਆਮਦਨ ਹਜ਼ਾਰ ਰੁਪਏ ਲਈ ਪੜ੍ਹੀ ਲਿਖੀ ਤੇ ਯੋਗ ਨਾਤੇ ਦੀ ਲੋੜ ਹੈ।

**ਫਾਰਮ ਨੰ:** 181 :—ਇਕ $22\frac{1}{2}$ ਸਾਲਾ—ਕਦ 5'—$2\frac{1}{2}$''—ਪੀ ਐਚ. ਡੀ. ਕਰ ਰਹੀ ਅੰਮ੍ਰਿਤਧਾਰੀ ਬੀਬੀ ਲਈ ਅਛੀ ਵਿਦਿਆ ਤੇ ਚੰਗੀ ਆਮਦਨ ਦੇ ਕਾਰੋਬਾਰੀ ਜਾਂ ਨੌਕਰੀ ਵਾਲੇ ਗੁਰਸਿਖ ਵਰ ਦੀ ਲੋੜ ਹੈ।

**ਫਾਰਮ ਨੰ:** 182 :—ਇਕ 27 ਸਾਲਾ ਅੰਮ੍ਰਿਤਧਾਰੀ ਸਿੰਘ ਕਦ 5'—9'', ਐਮ. ਏ. ਪੰਜਾਬੀ, ਕਲਰਕ, ਤਨਖਾਹ 700 ਰੁਪਏ ਮਾਸਿਕ, ਨਿਤਨੇਮੀ ਲਈ ਨਿਤਨੇਮੀ ਤੇ ਸਰਕਾਰੀ ਸਰਵਿਸ ਕਰਦੀ ਬੀਬੀ ਦੇ ਨਾਤੇ ਦੀ ਲੋੜ ਹੈ।

**ਫਾਰਮ ਨੰ:** 183 :—ਇਕ 25 ਸਾਲਾ ਬੀਬੀ ਕਦ 5 ਫੁਟ ਬੀ. ਏ. ਟੀਚਰ ਰਾਜਿਸਥਾਨ ਵਿਚ, ਮਾਸਕ ਤਨਖਾਹ 800/— ਰੁਪਏ ਲਈ ਯੋਗ ਵਰ ਦੀ ਲੋੜ ਹੈ।

---

## ਪਿੰਡ ਤਿਹਾੜੇ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦੇਂਦੇ ਹਨ ਕਿ ਭਾਈ ਈਸ਼ਰ ਸਿੰਘ ਦੇ ਗ੍ਰਹਿ ਪਿੰਡ ਤਿਹਾੜਾ ਵਿਖੇ ੧੯ ਮਾਰਚ ਸ਼ਨੀਵਾਰ ਦੀ ਰਾਤ ਨੂੰ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ। ਤਿਹਾੜੇ ਲਈ ਜਗਰਾਵਾਂ ਤੋਂ ਬੱਸਾਂ ਮਿਲਦੀਆਂ ਹਨ।


www.AKJ.Org

# ਅਖੰਡ ਕੀਰਤਨੀ ਜਥਿਆਂ ਵਲੋਂ ਵੈਸਾਖੀ ਕੀਰਤਨ ਸਮਾਗਮ

## ਸ੍ਰੀ ਅੰਮ੍ਰਿਤਸਰ ਵਿਖੇ ੧੧ ਤੋਂ ੧੪ ਅਪਰੈਲ ਤਕ—ਵੇਰਵਾ ਆਉਂਦੇ ਮਹੀਨੇ

---

### ਸ੍ਰੀ ਅੰਮ੍ਰਿਤਸਰ ਵਿਖੇ ਭਾਈ ਸਾਹਿਬ ਵਰਿਆਮ ਸਿੰਘ ਜੀ ਦੀ ਬਰਸੀ

ਭਾਈ ਸਾਹਿਬ ਰਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਦੀ ਪਰਵਾਨਗੀ ਨਾਲ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੂਜਯ ਪਿਤਾ, ਭਾਈ ਸਾਹਿਬ ਵਰਿਆਮ ਸਿੰਘ ਜੀ (ਵਡੇ ਭਾਈ ਸ੍ਰੀਮਾਨ ਬਾਊ ਮੱਲ ਸਿੰਘ ਜੀ) ਦੀ ਬਰਸੀ ਸਮੇਂ ੮-੯-੧੦ ਅਪ੍ਰੈਲ ਨੂੰ ਸ੍ਰੀ ਅਖੰਡਪਾਠ ਸਮਾਗਮ ਹੋਣਗੇ। ਉਪਰੰਤ ਕੀਰਤਨ-ਅਖਾੜੇ ਸਜਣਗੇ। ਸਮੂਹ ਗੁਰਮੁਖ ਪਿਆਰੇ ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਠਾਕਰ ਸਿੰਘ (ਰੀ: ਪ੍ਰੋਫੈਸਰ), 85 ਲਾਰੰਸ ਰੋਡ, ਸ੍ਰੀ ਅੰਮ੍ਰਿਤਸਰ

---

### ਸਾਬਰਮਤੀ (ਅਹਿਮਦਾਬਾਦ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਅਖੰਡ ਕੀਰਤਨੀ ਜਥਾ ਸਾਬਰਮਤੀ ਅਹਿਮਦਾਬਾਦ ਵਲੋਂ ਦਾਸ ਦੇ ਗ੍ਰਿਹ ਵਿਖੇ ੧੧ ਤੋਂ ੧੩ ਮਾਰਚ ਨੂੰ ਸ੍ਰੀ ਅਖੰਡਪਾਠ ਸਮਾਗਮ ਹੋ ਰਹੇ ਹਨ। ਐਤਵਾਰ ੧੩ ਮਾਰਚ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ ਪੈਣਗੇ। ਉਪਰੰਤ ਅਖੰਡ ਕੀਰਤਨ ਦੇ ਛਾਂਦੇ ਭੁੰਚੇ ਜਾਣਗੇ। ਗੁਰੂ ਕੇ ਅਤੁਟ ਲੰਗਰ ਵਰਤਣਗੇ।

ਦਾਸਰਾਂ—ਗੁਰਮੀਤ ਸਿੰਘ, ੬੫੮ ਸੀ-ਨਿਊ ਰੇਲਵੇ ਕਾਲੋਨੀ, ਸਾਬਰਮਤੀ, ਅਹਿਮਦਾਬਾਦ

---

### ਚੰਡੀਗੜ੍ਹ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ ਗੁਰਦਵਾਰਾ ਸਾਹਿਬ ਨਾਨਕ ਸਾਗਰ, ਸੈਕਟਰ ੩੯, ਚੰਡੀਗੜ੍ਹ ਵਿਖੇ ੧੨ ਮਾਰਚ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ। ਚੰਡੀਗੜ੍ਹ ਬਸ ਅੱਡੇ, ਮੁਹਾਲੀ ਅਤੇ ਖਰੜ ਤੋਂ ਗੁ: ਨਾਨਕ ਸਾਗਰ ਲਈ ਬਸਾਂ ਮਿਲਦੀਆਂ ਹਨ।

---

### ਸ਼ਹੀਦ ਦੀ ਯਾਦ ਵਿਚ ਕੁਰਾਲਾ ਵਿਖੇ ਰੈਣ ਸਬਾਈ ਕੀਰਤਨ ਤੇ ਸ੍ਰੀ ਅਖੰਡਪਾਠ

ਭਾਈ ਕਿਰਪਾਲ ਸਿੰਘ ਜੀ ਬੇਨਤੀ ਕਰਦੇ ਹਨ ਕਿ ਸ਼ਹੀਦ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ ਕੁਰਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ੧੯ ਮਾਰਚ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਹਾਜ਼ਰੀਆਂ ਭਰ ਕੇ ਸ਼ਹੀਦ ਨੂੰ ਨਾਮ-ਬਾਣੀ ਦੁਆਰਾ ਅਸੀਸੜੀਆਂ ਬਖਸ਼ੋ ਜੀ।

---

### ਪਿੰਡ ਬਲੋਲਪੁਰ (ਗੁਰਦਾਸਪੁਰ) ਵਿਖੇ ਡਾ: ਬਸੰਤ ਸਿੰਘ ਜੀ ਨਮਿਤ ਸਮਾਗਮ

ਭਾਈ ਬੁਢਾ ਸਿੰਘ ਤੇ ਨਿਰੰਕਾਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਗੁਰਦੁਆਰਾ ਬੰਗਲਾ ਸਾਹਿਬ, ਪਿੰਡ ਬਲੋਲਪੁਰ (ਨੇੜੇ ਡੇਰਾ ਬਾਬਾ ਨਾਨਕ) ਵਿਖੇ ਡਾਕਟਰ ਬਸੰਤ ਸਿੰਘ ਜੀ ਦੀ ਸਾਲਾਨਾ ਯਾਦ ਵਿਚ ੧੯ ਮਾਰਚ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਸਮਾਗਮ ਹੋਣਗੇ। ਹਾਜ਼ਰੀਆਂ ਭਰ ਕੇ ਕੇ ਲਾਹੇ ਪ੍ਰਾਪਤ ਕਰੋ ਜੀ।

---

### ਪਿੰਡ ਪਨਾਮ (ਗੜ੍ਹ ਸ਼ੰਕਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ ਅਖੰਡ ਕੀਰਤਨੀ ਜਥਾ ਇਲਾਕਾ ਬੰਗਾ ਸੂਚਨਾ ਦਿੰਦੇ ਹਨ ਕਿ ਭਾਈ ਜੋਗਿੰਦਰ ਸਿੰਘ ਜੀ ਕੈਨੇਡੀਅਨ ਗੁਰਸਿਖ ਦੇ ਗ੍ਰਿਹ ਪਿੰਡ ਪਨਾਮ ਵਿਖੇ ੧੨ ਮਾਰਚ ਸ਼ਨੀਵਾਰ ਸਵੇਰੇ ਪੰਜਵੇਂ ਸ੍ਰੀ ਅਖੰਡਪਾਠ ਦਾ ਭੋਗ ਪਵੇਗਾ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਪਿੰਡ ਪਨਾਮ (ਬਲਾਚੌਰ-ਗੜ੍ਹ ਸ਼ੰਕਰ ਰੋਡ) ਗੜ੍ਹ ਸ਼ੰਕਰ ਤੋਂ ੨ ਕਿਲੋ-ਮੀਟਰ ਹੈ। ਬੰਗਾ ਤੇ ਗੜ੍ਹ ਸ਼ੰਕਰ ਤੋਂ ਸ਼ਾਮ ਨੂੰ ਸੰਗਤਾਂ ਲਈ ਉਚੇਚੀ ਗੱਡੀ ਚਲੇਗੀ। ਆਇ ਜੁੜੋ ਜੀ।

---

### ਫਤਹਪੁਰ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਸਾਹਿਬ ਲਖਦੇਵ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਭਾਈ ਅਨੂਪ ਸਿੰਘ ਜੀ ਦੇ ਗ੍ਰਿਹ ਫਤਹਪੁਰ (ਹੁਸ਼ਿਆਰਪੁਰ ਟਾਂਡਾ ਰੋਡ) ਵਿਖੇ ੧੨ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਦਰਸ਼ਨ ਬਖਸ਼ਣ। ਹੁਸ਼ਿਆਰਪੁਰ ਬਸ ਸਟੈਂਡ ਤੋਂ ਰਾਤ ਸਵਾ ਅਠ ਵਜੇ ਪਿੰਡ ਲਈ ਟਰਾਲੀ ਚਲੇਗੀ।

www.AKJ.Org

## ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

### ਸ਼ਨੀਵਾਰ ਸਵੇਰੇ ੨੬ ਮਾਰਚ ਤੋਂ ੨੯ ਮਾਰਚ ੧੯੯੩ ਮੰਗਲਵਾਰ ਸਵੇਰ ਤਕ

ਹਰ ਸਾਲ ਵਾਂਗ ਹੋਲਾ ਮਹੱਲਾ ਕਲਗੀਧਰ ਸੱਚੇ ਪਾਤਸ਼ਾਹ ਦੀ ਨਗਰੀ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਸਤਿਗੁਰੂ ਦੀ ਸੇਵਾ ਵਿਚ ਪੁਜ ਕੇ ਜਨਮ ਸਫਲਾ ਕਰਨ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ—

| | | |
|---|---|---|
| ੨੬-੩-੯੩ | ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ ਸਾਹਿਬ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ ੬ ਤੋਂ ੮ ਸੋਦਰ ਦੀ ਚੌਕੀ | ਗੁਰਦਵਾਰਾ ਲੋਹਗੜ੍ਹ ਸਾਹਿਬ |
| ੨੭-੩-੯੩ | ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ ੬ ਤੋਂ ੮ ਸੋਦਰ ਦੀ ਚੌਕੀ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |
| ੨੮-੩-੯੩ | ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ੨ ਵਜੇ ਦੁਪਹਿਰ ਤਕ ਅਖੰਡ ਕੀਰਤਨ | ਗੁ:ਕ.ਕ.ਦਰਬਾਰ |
| | ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਅਰੰਭ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ ੭ ਵਜੇ ਰੈਣ ਸਬਾਈ ਕੀਰਤਨ, ੨੯-੩-੯੩ ਸਵੇਰੇ ੭ ਵਜੇ ਸਮਾਪਤੀ | ,, ,, ,, |

ਨੋਟ—(੧) ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਗੁ: ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ)ਵਿਖੇ ਹੋਵੇਗਾ।

ਅਖੰਡ ਕੀਰਤਨੀ ਜਥੇ ਦੀਆਂ ਸਮੂਹ ਸੰਗਤਾਂ ਵਲੋਂ ਇਸ ਕੀਰਤਨ ਸਮਾਗਮ ਦੀ ਸੇਵਾ ਨਿਭਾਈ ਜਾ ਰਹੀ ਹੈ।

ਪੁਛ ਗਿਛ—(੧) ਭਾਈ ਨਿਰੰਜਨ ਸਿੰਘ ਜੀ, ੧੨੮੫, ਸੈਕਟਰ ੨੧-ਬੀ, ਚੰਡੀਗੜ੍ਹ।
(੨) ਭਾਈ ਹਰਮਹਿੰਦਰ ਸਿੰਘ ਜੀ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਚਰਨ ਕੰਵਲ ਬੰਗਾ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ), ਸ੍ਰੀ ਅੰਮ੍ਰਿਤਸਰ

---

## ਢਾਡੀ ਬੱਚਿਆਂ ਦੀ ਪਹਿਲੀ ਬਰਸੀ ਫ਼ਰੀਦਾਬਾਦ ਅਤੇ ਬਰੇਲੀ ਵਿਖੇ

### ਸ਼ੁਕਰਵਾਰ ਸਵੇਰੇ ੪ ਮਾਰਚ ਤੋਂ ੧੦ ਮਾਰਚ ੧੯੯੩ ਬੁਧਵਾਰ ਸਵੇਰ ਤਕ

ਕੀਰਤਨ ਦੇ ਆਸ਼ਕ, ਗੁਰੂ ਬਾਬੇ ਦੇ ਹੌਸਲੇ ਢਾਡੀ ਬੱਚੇ ਵੀਰਿੰਦਰ ਸਿੰਘ ਤੇ ਰੁਪਿੰਦਰ ਸਿੰਘ ਕੀਰਤਨ ਦੀ ਸੇਵਾ ਨਿਬਾਹੁੰਦਿਆ ਹੋਇਆਂ ਜਥਾ ਅਵਸਥਾ ਵਿਚ ਹੀ ਅਚਨਚੇਤ ਸਕੂਟਰ ਹਾਦਸੇ ਵਿਚ ਪਿਛਲੇ ਸਾਲ ਆਪਣੇ ਮਾਤਾ ਪਿਤਾ (ਭਾਈ ਸੁਰਤ ਸਿੰਘ ਜੀ "ਪੂਰਨ ਜੀ" ਅਤੇ ਭੈਣ ਭੁਪਿੰਦਰ ਕੌਰ ਜੀ) ਨੂੰ ਸਦੈਵੀ ਵਿਛੋੜਾ ਦੇ ਗਏ। ਵਿਛੜੀਆਂ ਰੂਹਾਂ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ ਫਰੀਦਾਬਾਦ ਵਿਚ ਅਤੇ ਬਰੇਲੀ ਵਿਚ ਪਹਿਲੀ ਬਰਸੀ ਹੇਠ ਲਿਖੇ ਪ੍ਰੋਗ੍ਰਾਮ ਅਨੁਸਾਰ ਮਨਾਈ ਜਾ ਰਹੀ ਹੈ। ਅਰਦਾਸ ਵਿਚ ਹਾਜ਼ਰੀਆਂ ਭਰ ਕੇ ਅਸੀਸੜੀਆਂ ਬਖਸ਼ੋ ਜੀ।

੪-੩-੯੩ ਸਵੇਰੇ ਆਸਾ ਦੀ ਵਾਰ ਉਪਰੰਤ ੮ ਵਜੇ ਅਰੰਭ ਸ੍ਰੀ ਅਖੰਡਪਾਠ ੨੦੧੪, ਸੈਕਟਰ ੯ ਫਰੀਦਾਬਾਦ ਟਾਊਨਸ਼ਿਪ
੬-੩-੯੩ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੧੨ ਵਜੇ ਤਕ ਅਖੰਡ ਕੀਰਤਨ ਤੇ ਅਰਦਾਸ ,, ,,
੭-੩-੯੩ ਸ਼ਾਮ ੭ ਤੋਂ ੯ ਅਖੰਡ ਕੀਰਤਨ ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਗੁਰੂ ਨਾਨਕਪੁਰਾ ਕੋਹਾੜਾ ਪੀਰ, ਬਰੇਲੀ
੮-੩-੯੩ ਸਵੇਰ ੫ ਤੋਂ ੧੨ ,, ,, ਗੁ: ਸ੍ਰੀ ਗੁਰੂ ਸਿੰਘ ਸਭਾ, ਗੋਬਿੰਦ ਨਗਰ, ਮਾਡਲ ਟਾਊਨ, ਬਰੇਲੀ
ਸ਼ਾਮ ੭ ਤੋਂ ੯ ,, ,, ਗ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਤਿਸੰਗ ਸਭਾ, ਜਨਕਪੁਰੀ,ਆਵਾਸ ਵਿਕਾਸ,ਬਰੇਲੀ
੯-੩-੯੩ ਸਵੇਰੇ ੫ ਤੋਂ ੧੨ ,, ,, ਗੁ: ਸ੍ਰੀ ਗੁਰੂ ਸਿੰਘ ਸਭਾ, ਗੋਬਿੰਦ ਨਗਰ, ਮਾਡਲ ਟਾਊਨ, ਬਰੇਲੀ
ਰਾਤ ੮ ਵਜੇ ਤੋਂ ੧੦ ਮਾਰਚ ਸਵੇਰੇ ੬ ਵਜੇ ਤਕ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਨਾਨਕ ਸਤਿਸੰਗ ਸਭਾ

ਨੋਟ—ਬਰੇਲੀ ਵਿਖੇ ਸੰਗਤਾਂ ਦੀ ਰਿਹਾਇਸ਼ ਲੰਗਰ ਗੁ: ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਗੁਰੂ ਨਾਨਕਪੁਰਾ, ਕੋਹਾੜਾ ਪੀਰ ਵਿਖੇ ਹੋਵੇਗੀ।

ਪ੍ਰਾਰਥਕ ਦਾਸਰੇ— ਅਖੰਡ ਕੀਰਤਨੀ ਜਥਾ ਦਿਲੀ ਅਤੇ ਬਰੇਲੀ

---

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੯ ਮਾਰਚ ਸ਼ਨੀਵਾਰ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਅਸਥਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

www.AKJ.Org